Australian Government

Australian Small Business and Family Enterprise Ombudsman

# ਰਾਸ਼ਟਰਮੰਡਲ ਦੁਆਰਾ ਖਰੀਦ ਦੇ ਨਿਯਮਾਂ ਵਿੱਚ 1 ਜੁਲਾਈ 2022 ਦੀਆਂ ਤਬਦੀਲੀਆਂ ਨੂੰ ਲਾਗੂ ਕਰਨ ਦੀ ਸਮੀਖਿਆ

ਮੁੱਦਿਆਂ ਦਾ ਪੱਤਰ - ਅਗਸਤ 2023

# Copyright Notice

http://creativecommons.org/licences/by/3.0/au/

With the exception of coats of arms, logos, emblems, images, other third-party material or devices protected by a trademark, this content is licensed under the Creative Commons Australia Attribution 3.0 Licence.

We request attribution as © Commonwealth of Australia (Australian Small Business and Family Enterprise Ombudsman) 2023.

All other rights are reserved.

Some graphics in this document were used under a Creative Commons license from the Noun Project http://thenounproject.com

The Australian Small Business and Family Enterprise Ombudsman has undertaken reasonable enquiries to identify material owned by third parties and secure permission for its reproduction. Permission may need to be obtained from third parties to re-use their material.

Written enquiries may be sent to:

Director, Communications and Media
Australian Small Business and Family Enterprise Ombudsman
GPO Box 1791
Canberra City, ACT 2601

or email media@asbfeo.gov.au

# ਵਿਸ਼ਾ ਸੂਚੀ


1. ਜਾਣ-ਪਛਾਣ 1

2. ਆਸਟ੍ਰੇਲੀਆ ਦੀ ਸਰਕਾਰ ਦੁਆਰਾ ਖਰੀਦ ਅਤੇ ਛੋਟੇ ਕਾਰੋਬਾਰਾਂ ਦੁਆਰਾ ਸਪਲਾਈ ਦੀ ਸੰਖੇਪ ਜਾਣਕਾਰੀ 2

3. ਰਾਸ਼ਟਰਮੰਡਲ ਖਰੀਦ ਨਿਯਮਾਂ ਅਤੇ ਆਸਟ੍ਰੇਲੀਆ ਵਿੱਚ ਬਣੀਆਂ ਚੀਜ਼ਾਂ ਨੂੰ ਖਰੀਦਣ ਵਾਲੀ ਯੋਜਨਾ ਵਿੱਚ 1 ਜੁਲਾਈ 2022 ਦੀਆਂ ਤਬਦੀਲੀਆਂ ਦੀ ਵਿਆਖਿਆ 3

4. ਆਸਟ੍ਰੇਲੀਆ ਦੀ ਸਰਕਾਰ ਦੁਆਰਾ ਖਰੀਦ ਬਾਰੇ ਛੋਟੇ ਕਾਰੋਬਾਰਾਂ ਲਈ ਜਾਗਰੂਕਤਾ ਅਤੇ ਸ਼ਮੂਲੀਅਤ 5

5. ਆਸਟ੍ਰੇਲੀਆ ਦੀ ਸਰਕਾਰ ਦੇ ਠੇਕਿਆਂ ਤੱਕ ਛੋਟੇ ਕਾਰੋਬਾਰਾਂ ਦੀ ਪਹੁੰਚ 'ਤੇ 1 ਜੁਲਾਈ 2022 ਦੀਆਂ ਤਬਦੀਲੀਆਂ ਦਾ ਪ੍ਰਭਾਵ 6

6. ਛੋਟਾਂ ਅਤੇ ਪੈਨਲ ਪ੍ਰਬੰਧ 7

7. ਆਸਟ੍ਰੇਲੀਆ ਦੀ ਸਰਕਾਰ ਦੀਆਂ ਸੰਸਥਾਵਾਂ ਦੀ ਸਹਾਇਤਾ ਕਰਨਾ ਅਤੇ ਛੋਟੇ ਕਾਰੋਬਾਰਾਂ ਨੂੰ ਬਿਹਤਰ ਢੰਗ ਨਾਲ ਸ਼ਾਮਲ ਕਰਨ ਲਈ ਖਰੀਦ ਅਧਿਕਾਰੀ 9

8. ਤੁਲਨਾਤਮਕ ਅਧਿਕਾਰ ਖੇਤਰਾਂ ਵਿੱਚ ਛੋਟੇ ਕਾਰੋਬਾਰਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਨ ਵਾਲੀਆਂ ਖਰੀਦ ਨੀਤੀਆਂ ਅਤੇ ਅਭਿਆਸ 11

ਸਾਰਣੀ ਏ 13

## ਸ਼ਬਦਾਂ ਦੀ ਸੂਚੀ

| | |
|---|---|
| **ANAO** | ਆਸਟ੍ਰੇਲੀਆ ਦਾ ਰਾਸ਼ਟਰੀ ਆਡਿਟ ਆਫਿਸ |
| **APS** | ਆਸਟ੍ਰੇਲੀਆ ਦੀ ਪਬਲਿਕ ਸਰਵਿਸ |
| **ASBFEO** | ਆਸਟ੍ਰੇਲੀਆ ਦਾ ਛੋਟੇ ਕਾਰੋਬਾਰ ਅਤੇ ਪਰਿਵਾਰਕ ਵਪਾਰ ਦਾ ਲੋਕਪਾਲ |
| **CASG** | ਸਮਰੱਥਾ ਪ੍ਰਾਪਤੀ ਅਤੇ ਟਿਕਾਊ ਗਰੁੱਪ |
| **CPRs** | ਰਾਸ਼ਟਰਮੰਡਲ ਖਰੀਦ ਨਿਯਮ |
| **ESSA** | ਐਂਟਰਪ੍ਰਾਈਜ਼ ਸਹਾਇਤਾ ਸੇਵਾਵਾਂ ਦਾ ਠੇਕਾ |
| **Finance** | ਵਿੱਤ ਵਿਭਾਗ |
| **HUBZones** | ਇਤਿਹਾਸਕ ਤੌਰ 'ਤੇ ਘੱਟ ਵਰਤੋਂ ਵਾਲੇ ਕਾਰੋਬਾਰੀ ਜ਼ੋਨ (ਯੂ. ਐੱਸ. ਏ.) |
| **IPP** | ਸਵਦੇਸ਼ੀ ਖਰੀਦ ਨੀਤੀ |
| **MSP** | ਪ੍ਰਮੁੱਖ ਸੇਵਾ ਪ੍ਰਦਾਤਾ |
| **NSSG** | ਜਲ ਸੈਨਾ ਜਹਾਜ਼ ਨਿਰਮਾਣ ਅਤੇ ਸਥਿਰਤਾ ਸਮੂਹ |
| **OIA** | ਉਦਯੋਗ ਐਡਵੋਕੇਟ ਦਾ ਦਫਤਰ |
| **SAIPP** | ਦੱਖਣੀ ਆਸਟ੍ਰੇਲੀਆ ਦੀ ਉਦਯੋਗ ਹਿੱਸੇਦਾਰੀ ਨੀਤੀ |
| **SDVOSB** | ਸੇਵਾ-ਅਪਾਹਜ ਵੈਟਰਨ-ਮਲਕੀਅਤ ਵਾਲਾ ਛੋਟਾ ਕਾਰੋਬਾਰ (ਯੂ.ਐੱਸ.ਏ.) |
| **SME** | ਛੋਟੇ ਅਤੇ ਦਰਮਿਆਨੇ ਕਾਰੋਬਾਰ |
| **SON** | ਸਥਾਈ ਪੇਸ਼ਕਸ਼ ਨੋਟਿਸ |

# 1. ਜਾਣ-ਪਛਾਣ

ASBFEO ਰਾਸ਼ਟਰਮੰਡਲ ਖਰੀਦ ਨਿਯਮਾਂ (CPRs) ਵਿੱਚ 1 ਜੁਲਾਈ 2022 ਦੀਆਂ ਤਬਦੀਲੀਆਂ ਨੂੰ ਲਾਗੂ ਕਰਨ ਦੀ ਸਮੀਖਿਆ ਕਰ ਰਿਹਾ ਹੈ, ਅਤੇ ਰਾਸ਼ਟਰਮੰਡਲ ਖਰੀਦ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਛੋਟੇ ਕਾਰੋਬਾਰਾਂ 'ਤੇ ਇਨ੍ਹਾਂ ਤਬਦੀਲੀਆਂ ਦੇ ਪ੍ਰਭਾਵ ਦੀ ਸਮੀਖਿਆ ਕਰ ਰਿਹਾ ਹੈ।

ਇਸ ਪੁੱਛਗਿੱਛ ਵਿੱਚ ਮਦਦ ਕਰਨ ਲਈ, ਅਸੀਂ ਇਸ ਮੁੱਦਿਆਂ ਦੇ ਪੱਤਰ, ਸੰਦਰਭ ਦੀਆਂ ਸ਼ਰਤਾਂ[1] ਜਾਂ ਕਿਸੇ ਹੋਰ ਸਬੰਧਿਤ ਮਾਮਲੇ ਵਿੱਚ ਦਿੱਤੇ ਸਵਾਲਾਂ ਦੇ ਤੁਹਾਡੇ ਕੋਲੋਂ ਜਵਾਬ ਮੰਗ ਰਹੇ ਹਾਂ। ਇਸ ਪੱਤਰ ਵਿੱਚ ਪ੍ਰਸ਼ਨਾਂ ਨੂੰ ਸੂਚੀਬੱਧ ਕਰਨ ਵਾਲੇ ਵੈੱਬਫਾਰਮ ਸਮੇਤ ਜਮ੍ਹਾਂ ਕਰਨ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਸਾਡੇ ਖਰੀਦ ਜਾਂਚ ਵੈੱਬਪੇਜ 'ਤੇ ਜਾਓ।

ਕਿਰਪਾ ਕਰਕੇ ਸਾਡੇ ਵੈੱਬਪੇਜ[2] inquiries@asbfeo.gov.au ਰਾਹੀਂ 15 ਸਤੰਬਰ 2023 ਤੱਕ ਆਪਣੇ ਵਿਚਾਰ ਜਮ੍ਹਾਂ ਕਰੋ।

## ਪਿਛੋਕੜ

CPRs ਇਹ ਨਿਯੰਤਰਿਤ ਕਰਦੇ ਹਨ ਕਿ ਆਸਟ੍ਰੇਲੀਆ ਦੀ ਸਰਕਾਰ ਦੀਆਂ ਸੰਸਥਾਵਾਂ ਚੀਜ਼ਾਂ ਜਾਂ ਸੇਵਾਵਾਂ ਕਿਵੇਂ ਖਰੀਦ ਦੀਆਂ ਹਨ। 2021-22 'ਚ ਸਰਕਾਰ ਨੇ 80.8 ਅਰਬ ਡਾਲਰ ਦੇ 92,303 ਠੇਕੇ ਦਿੱਤੇ ਸਨ।[3]

ਸਰਕਾਰ ਨੇ ਰਾਸ਼ਟਰਮੰਡਲ ਖਰੀਦ ਤੱਕ SMEs ਦੀ ਪਹੁੰਚ ਵਿੱਚ ਸੁਧਾਰ ਕਰਨ ਲਈ CPRs (ਸਾਰਣੀ ਏ) ਵਿੱਚ ਕਈ ਤਬਦੀਲੀਆਂ ਕੀਤੀਆਂ ਜੋ 1 ਜੁਲਾਈ 2022 ਨੂੰ ਲਾਗੂ ਹੋਈਆਂ। ਇਹਨਾਂ ਤਬਦੀਲੀਆਂ ਵਿੱਚ ਸ਼ਾਮਲ ਸਨ:

- ਜਿੱਥੇ ਉਚਿਤ ਹੋਵੇ, ਵੱਡੇ ਪ੍ਰੋਜੈਕਟਾਂ ਨੂੰ ਵੱਖ-ਵੱਖ ਕਰਨਾ
- ਬੀਮਾ ਲੋੜਾਂ ਨੂੰ ਸਹੀ ਬਨਾਉਣਾ ਅਤੇ ਕਿਸੇ ਕਾਰੋਬਾਰ ਨੂੰ ਬੀਮਾ ਪਾਲਸੀ ਲੈਣ ਦੀ ਲੋੜ ਨਹੀਂ ਜਦੋਂ ਤੱਕ ਠੇਕਾ ਮਿਲ ਨਹੀਂ ਜਾਂਦਾ
- ਰੱਖਿਆ ਵਿਭਾਗ ਦੁਆਰਾ 500,000 ਡਾਲਰ ਤੱਕ ਦੇ ਠੇਕਿਆਂ ਨੂੰ SMEs ਤੋਂ ਸਿੱਧਾ ਲੈਣ ਦੀ ਆਗਿਆ ਦੇਣਾ
- ਇਹ ਜ਼ਰੂਰੀ ਹੈ ਕਿ ਮੁੱਲ ਦੇ ਹਿਸਾਬ ਨਾਲ ਰਾਸ਼ਟਰਮੰਡਲ ਖਰੀਦ ਦਾ 20% SMEs ਤੋਂ ਲਿਆ ਜਾਵੇ
- ਇਹ ਜ਼ਰੂਰੀ ਹੈ ਕਿ ਖਰੀਦ ਅਧਿਕਾਰੀ ਪੈਸੇ ਦੇ ਪੂਰੇ ਮੁੱਲ ਦਾ ਮੁਲਾਂਕਣ ਕਰਦੇ ਸਮੇਂ ਜਲਵਾਯੂ ਤਬਦੀਲੀ 'ਤੇ ਖਰੀਦ ਦੇ ਵਿਆਪਕ ਪ੍ਰਭਾਵਾਂ ਬਾਰੇ ਵਿਚਾਰ ਕਰਨ।

ਇਹ ਪੱਤਰ ਰਾਸ਼ਟਰਮੰਡਲ ਖਰੀਦ ਵਿੱਚ ਭਾਗ ਲੈਣ ਵਿੱਚ ਸਾਡੇ ਛੋਟੇ ਕਾਰੋਬਾਰਾਂ ਨੂੰ ਦਰਪੇਸ਼ ਰੁਕਾਵਟਾਂ ਬਾਰੇ ਸੁਝਾਅ ਮੰਗ ਕੇ ਜਾਂਚ ਲਈ ਸੰਦਰਭ ਦੀਆਂ ਸ਼ਰਤਾਂ[4] ਦਾ ਵਿਸਥਾਰ ਕਰਦਾ ਹੈ, ਅਤੇ ਨਾਲ ਹੀ ਏਜੰਸੀ ਖਰੀਦ ਅਭਿਆਸਾਂ ਦੀਆਂ ਉਦਾਹਰਣਾਂ ਵੀ ਦਿੰਦਾ ਹੈ। ਇਹ 16 ਫ਼ਰਵਰੀ 2023 ਨੂੰ ਵਿੱਤ ਮੰਤਰੀ, ਸੈਨੇਟਰ ਮਾਣਯੋਗ ਕੈਟੀ ਗੈਲਾਘਰ ਦੁਆਰਾ ASBFEO ਲਈ ਕੀਤੀ ਬੇਨਤੀ ਨੂੰ ਵੀ ਲਾਗੂ ਕਰਦਾ ਹੈ:

- CPR ਤਬਦੀਲੀਆਂ ਦੇ ਲਾਗੂ ਕਰਨ ਦੀ ਸਮੀਖਿਆ ਕਰਨਾ
- ਰਾਸ਼ਟਰਮੰਡਲ ਖਰੀਦ ਵਿੱਚ ਹਿੱਸਾ ਲੈਣ ਵਾਲੇ ਛੋਟੇ ਕਾਰੋਬਾਰਾਂ 'ਤੇ ਪ੍ਰਭਾਵ ਦਾ ਮੁਲਾਂਕਣ ਕਰਨਾ
- CPRs ਅਤੇ ਰਾਸ਼ਟਰਮੰਡਲ ਖਰੀਦ ਢਾਂਚੇ ਵਿੱਚ ਭਵਿੱਖ ਦੀਆਂ ਤਬਦੀਲੀਆਂ ਦੀ ਸਿਫਾਰਸ਼ ਕਰਨੀ
- ਆਸਟ੍ਰੇਲੀਆ ਵਿੱਚ ਬਣੀਆਂ ਚੀਜ਼ਾਂ ਨੂੰ ਖਰੀਦਣ ਵਾਲੀ ਯੋਜਨਾ ਨੂੰ ਲਾਗੂ ਕਰਨ ਦੇ ਸਬੰਧ ਵਿੱਚ ਹੈ।

---

[1] Australian Small Business and Family Enterprise Ombudsman, *Review of the 1 July changes to the Commonwealth Procurement Rules (2023)*, https://www.asbfeo.gov.au/policy-advocacy/policy-insights/review-1-july-changes-commonwealth-procurement-rules-2023

[2] Australian Small Business and Family Enterprise Ombudsman, *Review of the 1 July changes to the Commonwealth Procurement Rules (2023)*, https://www.asbfeo.gov.au/policy-advocacy/policy-insights/review-1-july-changes-commonwealth-procurement-rules-2023

[3] Department of Finance, *Statistics on Australian Government Procurement Contracts*, viewed 04 May 2023 https://www.finance.gov.au/government/procurement/statistics-australian-government-procurement-contracts-

[4] Australian Small Business and Family Enterprise Ombudsman, *Review of the 1 July changes to the Commonwealth Procurement Rules (2023)*, https://www.asbfeo.gov.au/policy-advocacy/policy-insights/review-1-july-changes-commonwealth-procurement-rules-2023

## 2. ਆਸਟ੍ਰੇਲੀਆ ਦੀ ਸਰਕਾਰ ਦੁਆਰਾ ਖਰੀਦ ਅਤੇ ਛੋਟੇ ਕਾਰੋਬਾਰਾਂ ਦੁਆਰਾ ਸਪਲਾਈ ਦੀ ਸੰਖੇਪ ਜਾਣਕਾਰੀ

ਖਰੀਦ ਉਹ ਕਾਰਵਾਈ ਹੈ ਜਿਸ ਦੁਆਰਾ ਸਰਕਾਰ ਆਪਣੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਪ੍ਰਦਾਨ ਕਰਨ ਲਈ ਚੀਜ਼ਾਂ ਅਤੇ ਸੇਵਾਵਾਂ ਪ੍ਰਾਪਤ ਕਰਦੀ ਹੈ ।

ਸਰਕਾਰ SMEs ਸਮੇਤ ਨਿੱਜੀ ਖੇਤਰ ਤੋਂ ਕਈ ਤਰ੍ਹਾਂ ਦੀਆਂ ਚੀਜ਼ਾਂ ਅਤੇ ਸੇਵਾਵਾਂ ਖਰੀਦਦੀ ਹੈ।[5] 2021-22 ਵਿੱਚ ਦਿੱਤੇ ਗਏ 92,303 ਠੇਕਿਆਂ ਵਿੱਚੋਂ ਜਿਨ੍ਹਾਂ ਦਾ ਸੰਯੁਕਤ ਮੁੱਲ 80.8 ਅਰਬ ਡਾਲਰ ਸੀ, SMEs ਸਨ:

- 86% ਸਪਲਾਇਰ (ਅਨੁਮਾਨ)
- ਮੁੱਲ ਅਨੁਸਾਰ 30.8% (ਜਾਂ $ 24.9 ਅਰਬ) ਦੇ ਠੇਕੇ ਦਿੱਤੇ ਗਏ
- ਗਿਣਤੀ ਅਨੁਸਾਰ 55.2% (ਜਾਂ 50,921) ਠੇਕੇ ਦਿੱਤੇ ਗਏ।

ਛੋਟੇ ਕਾਰੋਬਾਰ ਅਤੇ ਆਸਟ੍ਰੇਲੀਆ ਦੀ ਸਰਕਾਰ ਦੀ ਖਰੀਦ ਬਾਰੇ ਵਧੇਰੇ ਅੰਕੜੇ ਵਿੱਤ ਵਿਭਾਗ ਦੀ ਵੈੱਬਸਾਈਟ[6] 'ਤੇ ਲੱਭੇ ਜਾ ਸਕਦੇ ਹਨ।

ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਲਈ ਆਸਟ੍ਰੇਲੀਆ ਦੀ ਸਰਕਾਰ ਦੀ ਕਾਰਵਾਈ ਨੂੰ ਰਾਸ਼ਟਰਮੰਡਲ ਖਰੀਦ ਢਾਂਚੇ (ਫਰੇਮਵਰਕ)[7] ਵਿੱਚ ਸਮਝਾਇਆ ਗਿਆ ਹੈ। ਇਹ ਢਾਂਚਾ ਖਰੀਦ ਅਧਿਕਾਰੀਆਂ ਦੀਆਂ ਸਰਕਾਰ ਦੀਆਂ ਉਮੀਦਾਂ, ਆਸਟ੍ਰੇਲੀਆ ਦੀਆਂ ਮੁਕਤ ਵਪਾਰ ਜ਼ਿੰਮੇਵਾਰੀਆਂ ਅਤੇ ਰਾਸ਼ਟਰਮੰਡਲ ਖਰੀਦ ਵਿੱਚ ਚੰਗੇ ਅਭਿਆਸ ਨੂੰ ਦਰਸਾਉਂਦਾ ਹੈ। ਵਸਤੂਆਂ ਅਤੇ ਸੇਵਾਵਾਂ ਖਰੀਦਣ ਸਮੇਂ ਸਰਕਾਰ ਨੂੰ ਕੁਝ ਨਿਯਮਾਂ ਦੀ ਪਾਲਣਾ ਵੀ ਕਰਨੀ ਚਾਹੀਦੀ ਹੈ। ਵਿੱਤ ਵਿਭਾਗ ਦੀ ਵੈੱਬਸਾਈਟ 'ਤੇ CPR ਦੇ ਜ਼ਰੀਏ ਇਨ੍ਹਾਂ ਦੀ ਰੂਪਰੇਖਾ ਦਿੱਤੀ ਗਈ ਹੈ।[8]

ਪੈਸੇ ਦਾ ਪੂਰਾ ਮੁੱਲ ਪ੍ਰਾਪਤ ਕਰਨਾ ਸਰਕਾਰੀ ਖਰੀਦ ਫੈਸਲਿਆਂ ਦਾ ਮੁੱਖ ਨਿਯਮ ਹੈ। ਪੈਸੇ ਦਾ ਮੁੱਲ ਇਸ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ:

- ਮੁਕਾਬਲੇ ਨੂੰ ਉਤਸ਼ਾਹਿਤ ਕਰਨਾ ਅਤੇ ਗੈਰ-ਭੇਦਭਾਵ ਵਾਲੀਆਂ ਕਾਰਵਾਈਆਂ ਦਾ ਸੰਚਾਲਨ ਕਰਨਾ
- ਸਰੋਤਾਂ ਦੀ ਕੁਸ਼ਲ, ਪ੍ਰਭਾਵਸ਼ਾਲੀ, ਆਰਥਿਕ ਅਤੇ ਨੈਤਿਕ ਤਰੀਕੇ ਨਾਲ ਵਰਤੋਂ ਕਰਨੀ
- ਜਵਾਬਦੇਹੀ ਵਾਲੇ ਅਤੇ ਪਾਰਦਰਸ਼ੀ ਫੈਸਲੇ ਲੈਣੇ
- ਖਤਰਿਆਂ ਨੂੰ ਧਿਆਨ ਵਿੱਚ ਰੱਖਣਾ
- ਕੁਸ਼ਲ ਖਰੀਦ ਕਾਰਵਾਈ ਦਾ ਸੰਚਾਲਨ ਕਰਨਾ।

ਇਸ ਦਾ ਮਤਲਬ ਇਹ ਹੈ ਕਿ ਪੈਸੇ ਦਾ ਪੂਰਾ ਮੁੱਲ ਸਿਰਫ ਕੀਮਤ ਬਾਰੇ ਨਹੀਂ ਹੈ। ਜਦੋਂ ਸਰਕਾਰ ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਕਰਦੀ ਹੈ, ਤਾਂ ਸਰਕਾਰੀ ਅਧਿਕਾਰੀਆਂ ਦੇ ਫੈਸਲੇ ਅਸਲ ਕਾਰੋਬਾਰੀ ਜ਼ਰੂਰਤ ਦੇ ਮੁਕਾਬਲੇ ਹਰੇਕ ਪ੍ਰਸਤਾਵ ਦੀਆਂ ਲਾਗਤਾਂ ਅਤੇ ਲਾਭਾਂ ਦੇ ਮੁਲਾਂਕਣ 'ਤੇ ਅਧਾਰਿਤ ਹੁੰਦੇ ਹਨ।

ਪੈਸੇ ਦੇ ਪੂਰੇ ਮੁੱਲ ਦੇ ਮੁਲਾਂਕਣ ਵਿੱਚ ਟੈਂਡਰ ਪ੍ਰਤੀਕਿਰਿਆ ਵਿੱਚ ਕਾਰਕਾਂ ਬਾਰੇ ਵਿਚਾਰ ਕਰਨਾ ਸ਼ਾਮਲ ਹੋ ਸਕਦਾ ਹੈ ਜਿਵੇਂ ਕਿ:

- ਦੱਸੀਆਂ ਵਿਸ਼ੇਸ਼ਤਾਵਾਂ ਨੂੰ ਪੂਰਾ ਕਰਨਾ
- ਤਜਰਬੇ ਅਤੇ ਪ੍ਰਦਰਸ਼ਨ ਦਾ ਇਤਿਹਾਸ
- ਠੇਕੇ ਦੀ ਮਿਆਦ ਲਈ ਲਚਕਤਾ, ਨਵੀਨਤਾ ਅਤੇ ਅਨੁਕੂਲਤਾ
- ਵਾਤਾਵਰਣ ਦੀ ਸਥਿਰਤਾ
- ਪੂਰੇ ਜੀਵਨ ਦੇ ਖਰਚੇ।

---

[5] An SME is defined as an Australian or New Zealand firm with fewer than 200 full-time equivalent employees. A small business is defined as a business with fewer than 20 full-time equivalent employees.

[6] Department of Finance, *Statistics on Australian Government Procurement Contracts*, viewed 04 May 2023 https://www.finance.gov.au/government/procurement/statistics-australian-government-procurement-contracts-

[7] Joint Select Committee on Government Procurement: *Buying into our future: Review of amendments to the Commonwealth Procurement Rules*, Parliament of the Commonwealth of Australia, June 2017, pp 11, viewed 26 July 2023 https://www.aph.gov.au/Parliamentary_Business/Committees/Joint/Former_Committees/Government_Procurement/CommProcurementFramework/Report/section?id=committees%2Freportjnt%2F024068%2F24702#footnote30ref

[8] Department of Finance, *Commonwealth Procurement Rules*, viewed 04 May 2023 https://www.finance.gov.au/government/procurement/commonwealth-procurement-rules

ਇਹਨਾਂ ਨਿਸ਼ਾਨਿਆਂ ਦੀ ਪੂਰਤੀ ਲਈ ਸਰਕਾਰ ਨੇ CPRs ਦੇ ਅੰਦਰ ਹੇਠ ਲਿਖੀਆਂ ਯੋਜਨਾਵਾਂ ਨਿਰਧਾਰਤ ਕੀਤੀਆਂ ਹਨ:

- SMEs ਤੋਂ ਸਾਰੀ ਖਰੀਦ ਦੇ ਮੁੱਲ ਅਨੁਸਾਰ ਘੱਟੋ ਘੱਟ 20% ਸਰੋਤ (2021-22 ਵਿੱਚ 10% ਦੇ ਟੀਚੇ ਤੋਂ ਵਧਾਇਆ ਗਿਆ)
- SMEs ਤੋਂ 20 ਮਿਲੀਅਨ ਡਾਲਰ ਤੱਕ ਦੇ ਠੇਕਿਆਂ ਦਾ ਘੱਟੋ ਘੱਟ 35% ਸਰੋਤ।

ਇਨ੍ਹਾਂ ਟੀਚਿਆਂ ਦਾ ਸਮਰਥਨ ਕਰਨ ਲਈ, ਸਰਕਾਰ ਨੇ ਕਈ ਨੀਤੀਆਂ ਅਪਣਾਈਆਂ ਅਤੇ SMEs ਨੂੰ ਸਰਕਾਰੀ ਖਰੀਦ ਵਿੱਚ ਮੁਕਾਬਲੇਬਾਜ਼ ਬਣਨ ਵਿੱਚ ਸਹਾਇਤਾ ਕਰਨ ਲਈ ਮਾਰਗ ਦਰਸ਼ਨ ਵਿਕਸਿਤ ਕੀਤਾ। ਇਸ ਵਿੱਚ ਸ਼ਾਮਲ ਹਨ:

- ਸਰਕਾਰ ਨੂੰ ਚੀਜ਼ਾਂ ਤੇ ਸੇਵਾਵਾਂ ਵੇਚਣ ਵਾਲੀ ਵੈੱਬਸਾਈਟ[9], ਜਿਸ ਵਿੱਚ ਕਾਰੋਬਾਰਾਂ ਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਜਾਣਕਾਰੀ ਅਤੇ ਸਹਾਇਤਾ ਸ਼ਾਮਲ ਹੈ ਕਿ ਕਾਰੋਬਾਰੀ ਮੌਕਿਆਂ ਦੀ ਪਛਾਣ ਕਿਵੇਂ ਕਰਨੀ ਹੈ ਅਤੇ ਸਰਕਾਰ ਨੂੰ ਚੀਜ਼ਾਂ ਅਤੇ ਸੇਵਾਵਾਂ ਕਿਵੇਂ ਵੇਚਣੀਆਂ ਹਨ
- 200,000 ਡਾਲਰ ਤੱਕ ਦੀਆਂ ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਅਤੇ ਸਵਦੇਸ਼ੀ ਮਲਕੀਅਤ ਵਾਲੇ SME ਤੋਂ ਖਰੀਦ ਲਈ CPRs ਨੂੰ ਵਿਸ਼ੇਸ਼ ਛੋਟ
- ਵਾਧੂ ਤਬਦੀਲੀਆਂ ਜੋ 1 ਜੁਲਾਈ 2022 ਤੋਂ ਲਾਗੂ ਹੋਈਆਂ (ਅਗਲੇ ਹਿੱਸੇ ਵਿੱਚ ਦਰਸਾਈਆਂ ਗਈਆਂ ਹਨ)।

## 3. ਰਾਸ਼ਟਰਮੰਡਲ ਖਰੀਦ ਨਿਯਮਾਂ ਅਤੇ ਆਸਟ੍ਰੇਲੀਆ ਵਿੱਚ ਬਣੀਆਂ ਚੀਜ਼ਾਂ ਨੂੰ ਖਰੀਦਣ ਵਾਲੀ ਯੋਜਨਾ ਵਿੱਚ 1 ਜੁਲਾਈ 2022 ਦੀਆਂ ਤਬਦੀਲੀਆਂ ਦੀ ਵਿਆਖਿਆ

ਨਵਿਆਏ ਗਏ CPRs 1 ਜੁਲਾਈ 2022 ਤੋਂ ਕੀਤੀਆਂ ਗਈਆਂ ਸਾਰੀਆਂ ਨਵੀਆਂ ਖਰੀਦਾਂ 'ਤੇ ਲਾਗੂ ਹੁੰਦੇ ਹਨ। ਇਨ੍ਹਾਂ ਤਬਦੀਲੀਆਂ ਦਾ ਉਦੇਸ਼ SMEs ਤੋਂ ਖਰੀਦਣ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਣਾ ਅਤੇ ਇਹ ਯਕੀਨੀ ਬਨਾਉਣਾ ਹੈ ਕਿ SMEs ਨੂੰ ਰਾਸ਼ਟਰਮੰਡਲ ਖਰੀਦ ਵਿੱਚ ਹਿੱਸਾ ਲੈਣ ਲਈ ਵਧੇਰੇ ਮੌਕੇ ਉਪਲਬਧ ਹੋਣ।

ਉਹ SMEs ਲਈ ਵੱਡੇ ਪ੍ਰੋਜੈਕਟਾਂ ਵਿੱਚ ਹਿੱਸਾ ਲੈਣ ਦੇ ਮੌਕਿਆਂ ਨੂੰ ਵਧਾਉਂਦੇ ਹਨ:

- ਅਧਿਕਾਰੀਆਂ ਨੂੰ ਵੱਡੇ ਪ੍ਰੋਜੈਕਟਾਂ ਨੂੰ ਛੋਟੇ ਠੇਕੇ ਦੇ ਮੌਕਿਆਂ ਵਿੱਚ ਵੰਡਣ 'ਤੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ, ਜਿੱਥੇ ਪ੍ਰੋਜੈਕਟਾਂ ਨੂੰ ਛੋਟੇ ਹਿੱਸਿਆਂ ਵਿੱਚ ਵੰਡਣਾ ਵਧੇਰੇ ਮੁਕਾਬਲੇ ਦੀ ਆਗਿਆ ਦੇਵੇਗਾ ਅਤੇ ਪੇਸ਼ਕਸ਼ 'ਤੇ ਕੰਮ ਦੀ ਕਿਸਮ ਲਈ ਢੁਕਵੀਂ ਹੈ
- ਸਪਲਾਇਰਾਂ ਵੱਲੋਂ ਕੀਤੇ ਜਾਣ ਵਾਲੇ ਬੀਮਾ ਖਰਚਿਆਂ ਦੇ ਮੁੱਲ ਨੂੰ ਵਾਜਬ ਪੱਧਰ ਤੱਕ ਘਟਾਉਣਾ, ਅਤੇ ਇਹ ਸਪੱਸ਼ਟ ਕਰਨਾ ਕਿ, ਜ਼ਿਆਦਾਤਰ ਹਾਲਾਤਾਂ ਵਿੱਚ, ਬੀਮੇ ਦੀ ਲੋੜ ਨਹੀਂ ਹੁੰਦੀ ਜਦੋਂ ਤੱਕ ਕਿ ਠੇਕਾ ਦੇ ਨਹੀਂ ਦਿੱਤਾ ਜਾਂਦਾ
- ਸਾਰੇ ਠੇਕਿਆਂ ਲਈ 'ਸਪਲਾਇਰ ਨੂੰ ਸਮੇਂ ਸਿਰ ਭੁਗਤਾਨ ਕਰੋ ਜਾਂ ਵਿਆਜ ਦਾ ਭੁਗਤਾਨ ਕਰੋ' ਦਾ ਵਿਸਥਾਰ ਕਰਕੇ, ਸਪਲਾਈ ਚੇਨਾਂ ਦੇ ਜ਼ਰੀਏ ਤੇਜ਼ੀ ਨਾਲ ਨਕਦ ਪ੍ਰਵਾਹ ਪ੍ਰਦਾਨ ਕਰਨਾ। ਪਿਛਲੀ 1 ਮਿਲੀਅਨ ਡਾਲਰ ਦੀ ਸੀਮਾ ਨੂੰ ਹਟਾ ਦਿੱਤਾ ਗਿਆ ਹੈ ਅਤੇ ਵੱਧ ਤੋਂ ਵੱਧ ਭੁਗਤਾਨ ਦੀਆਂ ਸ਼ਰਤਾਂ ਹੁਣ ਮੁੱਲ ਦੀ ਪਰਵਾਹ ਕੀਤੇ ਬਿਨਾਂ ਸਾਰੇ ਠੇਕਿਆਂ 'ਤੇ ਲਾਗੂ ਹੁੰਦੀਆਂ ਹਨ (ਇਸ ਦਾ ਮਤਲਬ ਹੈ ਕਿ ਪੰਜ ਦਿਨਾਂ ਦੇ ਅੰਦਰ ਈ-ਇਨਵੌਇਸ ਦਾ ਭੁਗਤਾਨ ਕਰਨਾ ਅਤੇ 20 ਦਿਨਾਂ ਦੇ ਅੰਦਰ ਹੋਰ ਇਨਵੌਇਸਾਂ ਦਾ ਭੁਗਤਾਨ ਕਰਨਾ ਜਾਂ ਸਰਕਾਰ ਵਿਆਜ ਦਾ ਭੁਗਤਾਨ ਕਰਦੀ ਹੈ)
- ਰੱਖਿਆ ਵਿਭਾਗ ਨੂੰ 500,000 ਡਾਲਰ ਤੱਕ ਦੀ ਖਰੀਦ ਲਈ ਸਿੱਧੇ ਤੌਰ 'ਤੇ SMEs ਤੋਂ ਖਰੀਦ, ਜਾਂ ਸਿਰਫ SMEs ਕੋਲੋਂ ਟੈਂਡਰ ਲੈ ਕੇ ਸਥਾਨਕ ਪ੍ਰਭੂਸੱਤਾ ਸਮਰੱਥਾ ਦਾ ਨਿਰਮਾਣ ਕਰਨ ਦੀ ਆਗਿਆ ਦੇਣਾ।

ਤਬਦੀਲੀਆਂ ਦਾ ਪੂਰਾ ਵੇਰਵਾ ਸਾਰਣੀ ਏ, ਜਾਂ ਵਿੱਤ ਵਿਭਾਗ ਦੀ ਵੈੱਬਸਾਈਟ 'ਤੇ CPR ਵੈੱਬਪੇਜ[10] 'ਤੇ ਲੱਭਿਆ ਜਾ ਸਕਦਾ ਹੈ।

2023-24 ਦੇ ਫੈਡਰਲ ਬਜਟ ਵਿੱਚ ਖਰੀਦ ਵਿੱਚ SMEs ਸ਼ਮੂਲੀਅਤ ਨੂੰ ਹੋਰ ਉਤਸ਼ਾਹਤ ਕਰਨ ਲਈ ਕਈ ਉਪਾਵਾਂ ਦਾ ਐਲਾਨ ਕੀਤਾ ਹੈ। ਫੈਡਰਲ ਬਜਟ ਹੇਠ ਲਿਖਿਆਂ ਲਈ 4 ਸਾਲਾਂ ਵਿੱਚ 18.1 ਮਿਲੀਅਨ ਡਾਲਰ ਦਾ ਵਿੱਤ ਪ੍ਰਦਾਨ ਕਰਦਾ ਹੈ (ਅਤੇ 2028-29 ਤੋਂ ਹਰ ਸਾਲ 1.5 ਮਿਲੀਅਨ ਡਾਲਰ):

[9] Department of Finance, *Selling to Government*, viewed 02 May 2023, https://sellingtogov.finance.gov.au/

[10] Department of Finance, *Commonwealth Procurement Rules*, viewed 03 July 2023, https://www.finance.gov.au/government/procurement/commonwealth-procurement-rules

- ਖਰੀਦ ਦੇ ਮੌਕਿਆਂ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਕਾਰੋਬਾਰਾਂ ਦੀ ਯੋਗਤਾ ਵਿੱਚ ਸੁਧਾਰ ਕਰਨ ਲਈ ਸਾਧਨ ਪ੍ਰਦਾਨ ਕਰਨਾ
- ਪਾਰਦਰਸ਼ਤਾ ਵਧਾਉਣ ਅਤੇ ਪੈਨਲਾਂ ਲਈ ਸਪਲਾਇਰ ਪੋਰਟਲ ਸਥਾਪਤ ਕਰਨ ਲਈ 'ਔਸਟੈਂਡਰ' ਵਿੱਚ ਸੁਧਾਰ ਕਰਨਾ
- SMEs ਨਾਲ ਸ਼ਮੂਲੀਅਤ ਨੂੰ ਵਧਾਉਣਾ ਅਤੇ ਸਰਕਾਰ ਨੂੰ ਚੀਜ਼ਾਂ ਜਾਂ ਸੇਵਾ ਵੇਚਣ ਦੇ ਮੌਕਿਆਂ ਬਾਰੇ ਉਨ੍ਹਾਂ ਦੀ ਜਾਗਰੂਕਤਾ ਨੂੰ ਉਤਸ਼ਾਹਤ ਕਰਨਾ
- ਰਾਸ਼ਟਰਮੰਡਲ ਖਰੀਦਾਂ ਵਾਸਤੇ ਪੈਸੇ ਦਾ ਪੂਰਾ ਮੁੱਲ ਪ੍ਰਦਾਨ ਕਰਨ ਲਈ ਸਾਰੀ APS ਵਿੱਚ ਖਰੀਦ ਅਤੇ ਠੇਕੇ ਦੇ ਪ੍ਰਬੰਧਨ ਦੀ ਸਮਰੱਥਾ ਵਿੱਚ ਸੁਧਾਰ ਕਰਨਾ।

ਇਹ ਉਪਾਅ ਆਸਟ੍ਰੇਲੀਆ ਦੀਆਂ ਬਣੀਆਂ ਚੀਜ਼ਾਂ ਖਰੀਦਣ ਵਾਲੀ ਯੋਜਨਾ ਲਈ 2022-23 ਅਕਤੂਬਰ ਦੇ ਬਜਟ ਉਪਾਵਾਂ 'ਤੇ ਆਧਾਰਿਤ ਹਨ।

## ਆਸਟ੍ਰੇਲੀਆ ਦੀਆਂ ਬਣੀਆਂ ਚੀਜ਼ਾਂ ਖਰੀਦਣ ਦੀ ਯੋਜਨਾ

ਆਸਟ੍ਰੇਲੀਆ ਦੀਆਂ ਬਣੀਆਂ ਚੀਜ਼ਾਂ ਖਰੀਦਣ ਵਾਲੀ ਯੋਜਨਾ (ਯੋਜਨਾ) ਸੁਧਾਰ ਦਾ ਇਕ ਵਿਆਪਕ ਪ੍ਰੋਗਰਾਮ ਹੈ ਜੋ ਖਰੀਦ ਪ੍ਰਤੀ ਸਰਕਾਰ ਦੀ ਪਹੁੰਚ ਵਿੱਚ ਸੁਧਾਰ ਕਰੇਗਾ। ਇਸ ਦਾ ਨਿਸ਼ਾਨਾ ਉਦਯੋਗ ਦੇ ਵਿਕਾਸ ਵਿੱਚ ਮਦਦ ਕਰਨ, ਸਾਡੀ ਸਪਲਾਈ ਚੇਨ ਵਿੱਚ ਵਧੇਰੇ ਵਿਭਿੰਨਤਾ ਪ੍ਰਦਾਨ ਕਰਨ ਅਤੇ ਨਵੀਆਂ ਖੋਜਾਂ ਨੂੰ ਸੱਦਾ ਦੇਣ ਲਈ ਸਰਕਾਰ ਦੀ ਖਰੀਦ ਸ਼ਕਤੀ ਦੀ ਵਰਤੋਂ ਕਰਨਾ ਅਤੇ ਇਸ ਵਿੱਚ ਨਵੀਨਤਾ ਲਿਆਉਣਾ ਹੈ। ਯੋਜਨਾ ਦਾ ਉਦੇਸ਼ ਸਰਕਾਰ ਨਾਲ ਕਾਰੋਬਾਰ ਕਰਨਾ ਸੌਖਾ ਬਨਾਉਣਾ ਵੀ ਹੈ। ਇਹ ਰੁਕਾਵਟਾਂ ਨੂੰ ਤੋੜ ਕੇ, ਮੁਕਾਬਲੇ ਵਾਲੇ ਟੈਂਡਰ ਜਮ੍ਹਾਂ ਕਰਨ ਲਈ ਕਾਰੋਬਾਰਾਂ ਦੀ ਸਮਰੱਥਾ ਨੂੰ ਵਧਾ ਕੇ, ਅਤੇ ਉਦਯੋਗ ਨਾਲ ਬਿਹਤਰ ਢੰਗ ਨਾਲ ਜੁੜਨ ਅਤੇ ਇਹ ਯਕੀਨੀ ਬਨਾਉਣ ਲਈ ਆਸਟ੍ਰੇਲੀਆ ਦੀ ਪਬਲਿਕ ਸਰਵਿਸ (APS) ਦੀ ਸਹਾਇਤਾ ਕਰਕੇ ਅਜਿਹਾ ਕਰੇਗਾ ਕਿ ਸਰਕਾਰੀ ਖਰੀਦ ਸਥਾਨਕ ਆਰਥਿਕਤਾ ਵਿੱਚ ਸਹਿਯੋਗ ਕਰਦੀ ਹੈ। ਇਹ ਯੋਜਨਾ ਕਾਰੋਬਾਰਾਂ, ਖਾਸ ਤੌਰ 'ਤੇ ਖੇਤਰੀ ਕਾਰੋਬਾਰਾਂ, ਸਵਦੇਸ਼ੀ ਮਾਲਕੀ ਵਾਲੇ ਕਾਰੋਬਾਰਾਂ ਅਤੇ SMEs ਲਈ ਸਰਕਾਰੀ ਖਰੀਦ ਵਿੱਚ ਹਿੱਸਾ ਲੈਣ ਦੇ ਮੌਕਿਆਂ ਨੂੰ ਇਨ੍ਹਾਂ ਰਾਹੀਂ ਵੱਧ ਤੋਂ ਵੱਧ ਕਰੇਗੀ:

- ਖਰੀਦ ਦੀਆਂ ਕਾਰਵਾਈਆਂ ਨੂੰ ਡੀ-ਕੋਡ ਕਰਨਾ ਅਤੇ ਸਰਲ ਬਨਾਉਣਾ
- ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਵਿੱਚ ਵੱਧ ਤੋਂ ਵੱਧ ਮੌਕੇ
- ਸਵਦੇਸ਼ੀ ਮਾਲਕੀ ਵਾਲੇ ਕਾਰੋਬਾਰਾਂ ਲਈ ਵਧੇਰੇ ਮੌਕੇ ਪ੍ਰਦਾਨ ਕਰਨਾ
- ਉਦਯੋਗਿਕ ਖੇਤਰਾਂ ਦਾ ਸਹਿਯੋਗ ਕਰਨਾ
- ਰੱਖਿਆ ਉਦਯੋਗਾਂ ਅਤੇ ਉਨ੍ਹਾਂ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ
- ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਨਾਲ ਰਾਸ਼ਟਰੀ ਭਾਈਵਾਲੀ ਸਮਝੌਤਿਆਂ ਨੂੰ ਯਕੀਨੀ ਬਨਾਉਣਾ ਸਥਾਨਕ ਕਾਰੋਬਾਰਾਂ ਲਈ ਵੱਧ ਤੋਂ ਵੱਧ ਮੌਕੇ ਪੈਦਾ ਕਰਦਾ ਹੈ।

ਯੋਜਨਾ ਨੂੰ ਲਾਗੂ ਕਰਨ ਦਾ ਸਮਰਥਨ ਕਰਨ ਲਈ ਵਿੱਤ ਵਿਭਾਗ ਵਿੱਚ 'ਫਿਊਚਰ ਮੇਡ ਇਨ ਆਸਟ੍ਰੇਲੀਆ ਦਫ਼ਤਰ' (ਦਫ਼ਤਰ) ਸਥਾਪਤ ਕੀਤਾ ਗਿਆ ਹੈ। ਦਫ਼ਤਰ ਨੇ ਸਰਕਾਰ ਨੂੰ ਚੀਜ਼ਾਂ ਅਤੇ ਸੇਵਾਵਾਂ ਵੇਚਣ ਵਾਲੀ ਵੈੱਬਸਾਈਟ ਨੂੰ ਮੁੜ ਵਿਕਸਿਤ ਕੀਤਾ ਹੈ ਤਾਂ ਜੋ ਕਾਰੋਬਾਰਾਂ, ਖਾਸ ਕਰਕੇ SMEs ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਉਨ੍ਹਾਂ ਦੇ ਕਾਰੋਬਾਰ ਲਈ ਮੌਕਿਆਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਸਹੀ ਸਰੋਤ ਪ੍ਰਦਾਨ ਕੀਤੇ ਜਾ ਸਕਣ।



# 4. ਆਸਟ੍ਰੇਲੀਆ ਦੀ ਸਰਕਾਰ ਦੁਆਰਾ ਖਰੀਦ ਬਾਰੇ ਛੋਟੇ ਕਾਰੋਬਾਰਾਂ ਲਈ ਜਾਗਰੂਕਤਾ ਅਤੇ ਸ਼ਮੂਲੀਅਤ

ਛੋਟੇ ਅਤੇ ਪਰਿਵਾਰਕ ਕਾਰੋਬਾਰਾਂ ਲਈ ਆਸਟ੍ਰੇਲੀਆ ਦੀ ਸਰਕਾਰ ਨੂੰ ਚੀਜ਼ਾਂ ਅਤੇ ਸੇਵਾਵਾਂ ਦੀ ਸਪਲਾਈ ਕਰਨ ਵਿੱਚ ਮੁਕਾਬਲਾ ਕਰਨ ਅਤੇ ਹਿੱਸਾ ਲੈਣ ਦੇ ਮੌਕੇ ਵਧਾਉਣ ਨਾਲ ਵਿਕਾਸ ਦੇ ਮੌਕਿਆਂ ਦਾ ਵਿਸਥਾਰ ਹੋਵੇਗਾ, ਉੱਦਮੀਆਂ ਨੂੰ ਨਵੇਂ ਕਾਰੋਬਾਰ ਖੋਲ੍ਹਣ ਲਈ ਉਤਸ਼ਾਹ ਮਿਲੇਗਾ, ਮੁਕਾਬਲਾ ਵਧੇਗਾ, ਦੇਸ਼ ਦੀ ਪ੍ਰਭੂਸੱਤਾ ਸਮਰੱਥਾ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਟੈਕਸਦਾਤਿਆਂ ਦੇ ਪੈਸੇ ਲਈ ਵੱਧ ਤੋਂ ਵੱਧ ਪੂਰਾ ਮੁੱਲ ਮਿਲੇਗਾ।

ਕਈ ਹਿੱਸੇਦਾਰਾਂ ਨੇ ਪਛਾਣ ਕੀਤੀ ਕਿ ਟੈਂਡਰ ਦੀ ਕਾਰਵਾਈ ਨੂੰ ਸਮਝਣਾ ਮੁਸ਼ਕਲ ਹੋ ਸਕਦਾ ਹੈ, ਕਿਉਂਕਿ ਛੋਟੇ ਕਾਰੋਬਾਰਾਂ ਕੋਲ ਖਰੀਦ ਪੈਨਲ ਪ੍ਰਣਾਲੀ ਵਿੱਚ ਪਹਿਲਾਂ ਤੋਂ ਮੌਜੂਦ ਹੋਣ ਤੋਂ ਬਿਨਾਂ ਖਰੀਦ ਦੇ ਮੌਕਿਆਂ ਦੀ ਘੱਟ ਦ੍ਰਿਸ਼ਟੀ ਹੁੰਦੀ ਹੈ, ਖਰੀਦ ਏਜੰਸੀਆਂ ਨਾਲ ਮੌਜੂਦਾ ਸਬੰਧ ਨਹੀਂ ਹੁੰਦੇ ਹਨ, ਜਾਂ ਸਰਕਾਰੀ ਖਰੀਦ ਵਿੱਚ ਪਿਛਲਾ ਤਜਰਬਾ ਨਹੀਂ ਹੁੰਦਾ ਹੈ।

ਹਿੱਸੇਦਾਰਾਂ ਨੇ ਰਾਸ਼ਟਰਮੰਡਲ ਖਰੀਦ ਦੇ ਮੌਕਿਆਂ ਵਿੱਚ ਛੋਟੇ ਕਾਰੋਬਾਰਾਂ ਦੀ ਸ਼ਮੂਲੀਅਤ ਹੋਣ ਵਿੱਚ ਕਈ ਰੁਕਾਵਟਾਂ ਦੀ ਪਛਾਣ ਕੀਤੀ , ਜਿਨ੍ਹਾਂ ਵਿੱਚ ਸ਼ਾਮਲ ਹਨ:

- ਗੁੰਝਲਦਾਰ ਕਾਰਵਾਈਆਂ ਜੋ ਪਿਛਲੇ ਤਜ਼ਰਬੇ ਤੋਂ ਬਿਨਾਂ ਸਮਝਣ ਲਈ ਚੁਣੌਤੀਪੂਰਨ ਹਨ
- ਭਵਿੱਖ ਵਿੱਚ ਆਉਣ ਵਾਲੇ ਕੰਮ ਅਤੇ ਸੀਮਤ ਟੈਂਡਰਾਂ ਦੀ ਵਰਤੋਂ ਬਾਰੇ ਸੀਮਤ ਪਾਰਦਰਸ਼ਤਾ ਅਤੇ ਸੰਚਾਰ
- ਖਰੀਦ ਦੇ ਵੱਡੇ ਇਕੱਠੇ ਕੀਤੇ ਠੇਕੇ ਜਾਂ ਵੱਡੇ ਇਕੱਠੇ ਕੀਤੇ ਕੰਮਾਂ ਦੇ ਟੈਂਡਰਾਂ ਲਈ ਮੁਕਾਬਲਾ ਮੁਸ਼ਕਲ ਬਣਾਉਂਦੇ ਹਨ
- ਨਿਰਧਾਰਤ ਠੇਕੇ ਦੀਆਂ ਲੋੜਾਂ ਖਰੀਦ ਦੇ ਮੌਕਿਆਂ ਤੱਕ ਪਹੁੰਚ ਵਿੱਚ ਰੁਕਾਵਟ ਪਾਉਂਦੀਆਂ ਹਨ
- ਵੱਖ-ਵੱਖ ਪੈਨਲਾਂ ਲਈ ਅਰਜ਼ੀ ਦੇਣ ਦੀਆਂ ਲੋੜਾਂ ਅਤੇ ਏਜੰਸੀਆਂ ਵਿਚਕਾਰ ਸਾਂਝੇ ਪ੍ਰਬੰਧਾਂ ਦੇ ਨਾਲ, ਸਾਰੀ ਸਰਕਾਰ ਵਿੱਚ ਬਹੁਤ ਸਾਰੇ ਪੈਨਲ ਅਤੇ ਪੇਸ਼ਕਸ਼ਾਂ ਦੇਣ ਦੇ ਪ੍ਰਬੰਧ ਹਨ।

ਅਸੀਂ ਇਸ ਬਾਰੇ ਵੀ ਜਾਣਦੇ ਹਾਂ ਕਿ ਸਰਕਾਰ ਨੂੰ ਸਪਲਾਈ ਕਰਨ ਵਾਲੇ ਛੋਟੇ ਕਾਰੋਬਾਰਾਂ (ਜਾਂ ਸਪਲਾਈ ਕਰਨ 'ਤੇ ਵਿਚਾਰ ਕਰ ਰਹੇ) ਜੋ ਹੇਠ ਲਿਖੇ ਕਾਰਨਾਂ ਵਿੱਚੋਂ ਇਕ ਜਾਂ ਵਧੇਰੇ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਜਿਨ੍ਹਾਂ ਨੇ ਰੁਕਾਵਟ, ਨਿਰਉਤਸ਼ਾਹਿਤਾ ਜਾਂ ਨਿਰਾਸ਼ਾ ਮਹਿਸੂਸ ਕੀਤੀ ਹੈ:

- ਟੈਂਡਰ ਦੇਣ ਲਈ ਮੁਲ 'ਤੇ ਲੋੜੀਂਦੇ ਸਮੇਂ ਦੀ ਲਾਗਤ ਅਤੇ ਨਿਵੇਸ਼
- ਟੈਂਡਰ ਦੇਣ ਵਾਸਤੇ ਛੋਟੇ ਕਾਰੋਬਾਰਾਂ ਲਈ ਉੱਚ ਮੌਕੇ ਦੀ ਲਾਗਤ ਬਾਰੇ ਏਜੰਸੀਆਂ ਦੁਆਰਾ ਵਿਚਾਰ ਦੀ ਘਾਟ
- ਜਦੋਂ ਟੈਂਡਰ ਅਸਫ਼ਲ ਹੁੰਦਾ ਹੈ ਤਾਂ ਸੀਮਤ ਜਾਂ ਕੋਈ ਸੁਝਾਅ ਪ੍ਰਦਾਨ ਨਹੀਂ ਕੀਤਾ ਜਾਂਦਾ
- ਖਰੀਦ ਵਾਲੇ ਖਰਚੇ ਦੀ ਸੀਮਾ ਤੋਂ ਨਕਲੀ ਤੌਰ 'ਤੇ ਬਚਣ ਲਈ ਇਸੇ ਤਰ੍ਹਾਂ ਦੇ ਕੰਮ ਲਈ ਵੱਖਰੀਆਂ ਖਰੀਦ ਕਾਰਵਾਈਆਂ ਸ਼ੁਰੂ ਕਰਨਾ
- 50% ਜਾਂ ਇਸ ਤੋਂ ਵੱਧ ਸਵਦੇਸ਼ੀ ਮਾਲਕੀ ਦਾ ਦਾਅਵਾ ਕਰਨ ਵਾਲੇ SMEs ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਕਰਨ ਲਈ ਲੋੜੀਂਦੀ ਤਨਦੇਹੀ ਨਹੀਂ ਹੈ
- ਭੁਗਤਾਨ ਦੀਆਂ ਦਰਾਂ ਬਾਜ਼ਾਰੀ ਮੁੱਲ ਤੋਂ ਹੇਠਾਂ
- ਬਾਅਹਾਰ ਵਿੱਚਲੇ ਵੱਡੇ ਸਪਲਾਇਰਾਂ ਲਈ ਆਪਣੇ-ਆਪ ਤਰਜੀਹ
- ਪੈਨਲਾਂ ਰਾਹੀਂ ਖਰੀਦ 'ਤੇ ਜ਼ਿਆਦਾ ਨਿਰਭਰਤਾ।

ਹਿੱਸੇਦਾਰਾਂ ਨੇ ਦੱਸਿਆ ਕਿ ਜਦੋਂ ਛੋਟੇ ਕਾਰੋਬਾਰ ਖਰੀਦ ਦੀ ਕਾਰਵਾਈ ਵਿੱਚ ਸ਼ਾਮਲ ਹੁੰਦੇ ਹਨ, ਤਾਂ ਟੈਂਡਰ ਦੇਣ ਦੀ ਕਾਰਵਾਈ ਉਲਝਣ ਭਰੀ ਅਤੇ ਸਮਝਣੀ ਮੁਸ਼ਕਲ ਹੋ ਸਕਦੀ ਹੈ। ਸ਼ੁਰੂਆਤੀ ਸਲਾਹ-ਮਸ਼ਵਰੇ ਤੋਂ ਪਤਾ ਲੱਗਿਆ ਕਿ ਬਹੁਤ ਸਾਰੇ ਛੋਟੇ ਕਾਰੋਬਾਰ ਪੈਨਲ ਪ੍ਰਣਾਲੀ ਅਤੇ ਟੈਂਡਰ ਭਰਨ ਵਿਚਕਾਰ ਅੰਤਰ ਨੂੰ ਨਹੀਂ ਸਮਝਦੇ। ਸਰਕਾਰ ਲਈ ਟੈਂਡਰ ਲਿਖਣਾ ਬਹੁਤ ਸਾਰੇ ਛੋਟੇ ਕਾਰੋਬਾਰਾਂ ਲਈ ਕੁਦਰਤੀ ਤੌਰ 'ਤੇ ਨਹੀਂ ਆਉਂਦਾ ਅਤੇ ਉਨ੍ਹਾਂ ਨੂੰ ਸ਼ਾਇਦ ਹੀ ਇਸ ਬਾਰੇ ਸੁਝਾਅ ਪ੍ਰਦਾਨ ਕੀਤਾ ਜਾਂਦਾ ਹੈ ਕਿ ਸੁਧਾਰ ਕਿਵੇਂ ਕਰਨਾ ਹੈ।

ਚਿੰਤਾਵਾਂ ਇਹ ਵੀ ਉਠਾਈਆਂ ਗਈਆਂ ਸਨ ਕਿ ਚੀਜ਼ਾਂ ਅਤੇ ਸੇਵਾਵਾਂ ਦੇ ਪੈਨਲ 'ਤੇ ਹੋਣਾ ਜ਼ਰੂਰੀ ਤੌਰ 'ਤੇ ਪਹੁੰਚ ਨੂੰ ਨਹੀਂ ਬਦਲਦਾ। ਪੇਸ਼ ਕੀਤੇ ਵਿਚਾਰਾਂ ਨੇ ਉਜਾਗਰ ਕੀਤਾ (ਔਸਟਟੈਂਡਰ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ) ਕਿ 10,000 ਡਾਲਰ ਤੋਂ ਵੱਧ ਪੈਨਲ ਖਰੀਦ ਲਈ ਠੇਕੇ ਦੇ ਨੋਟਿਸਾਂ ਦਾ ਇਕ ਮਹੱਤਵਪੂਰਣ ਹਿੱਸਾ ਵੱਡੇ ਕਾਰੋਬਾਰਾਂ ਨੂੰ ਦਿੱਤਾ ਜਾਂਦਾ ਹੈ।

ਇਸ ਤੋਂ ਇਲਾਵਾ, ਛੋਟੇ ਕਾਰੋਬਾਰੀ ਹਿੱਸੇਦਾਰਾਂ ਨੇ ਚਿੰਤਾ ਜ਼ਾਹਰ ਕੀਤੀ ਕਿ ਪੈਨਲ ਦੇ ਮੈਂਬਰ ਹੋਣ ਦਾ ਲਾਭ ਖਰੀਦ ਅਧਿਕਾਰੀਆਂ ਦੁਆਰਾ ਵੱਡੇ

ਸਪਲਾਇਰਾਂ ਨੂੰ ਸਿੱਧਾ ਚੁਣਨ ਦੇ ਰੁਝਾਨ ਕਾਰਨ ਕਮਜ਼ੋਰ ਹੋ ਜਾਂਦਾ ਹੈ ਕਿਉਂਕਿ ਘੱਟ ਖ਼ਤਰੇ ਅਤੇ ਜੁੜਨ ਲਈ ਘੱਟ ਬੋਝ ਪੈਣ ਦੀ ਧਾਰਨਾ ਹੈ।

ਅਸੀਂ ਇਹ ਸੁਣਨਾ ਚਾਹਾਂਗੇ ਕਿ ਛੋਟੇ ਕਾਰੋਬਾਰ ਅਤੇ ਸਰਕਾਰੀ ਖਰੀਦ ਦੇ ਵਿਆਪਕ ਤਜਰਬੇ ਵਾਲੇ ਵਿਅਕਤੀ ਇਸ ਬਾਰੇ ਕੀ ਕਹਿੰਦੇ ਹਨ:

- ਖਰੀਦ ਲਈ ਪਹਿਲੀ ਵਾਰ ਸਰਕਾਰ ਕੋਲ ਪਹੁੰਚ ਕਰਨ ਸਮੇਂ ਤੁਹਾਨੂੰ ਸੰਭਾਵਿਤ ਚੁਣੌਤੀਆਂ ਜਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ
- ਮਿਸਾਲੀ ਏਜੰਸੀਆਂ ਜਾਂ ਪ੍ਰਭਾਵਸ਼ਾਲੀ ਕਾਰਵਾਈਆਂ ਜਾਂ ਪਹੁੰਚਾਂ ਦੀਆਂ ਉਦਾਹਰਣਾਂ।

### ਛੋਟੇ ਕਾਰੋਬਾਰ ਲਈ ਸਵਾਲ

1. ਕੀ ਤੁਸੀਂ ਆਸਟ੍ਰੇਲੀਆ ਦੀ ਸਰਕਾਰ ਨੂੰ ਚੀਜ਼ਾਂ ਜਾਂ ਸੇਵਾਵਾਂ ਵੇਚਦੇ ਹੋ, ਜਾਂ ਕੀ ਤੁਸੀਂ ਆਸਟ੍ਰੇਲੀਆ ਦੀ ਸਰਕਾਰ ਨਾਲ ਕਾਰੋਬਾਰ ਕਰ ਰਹੇ ਹੋ? ਕਿਉਂ ਜਾਂ ਕਿਉਂ ਨਹੀਂ?
2. ਕੀ ਤੁਸੀਂ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਖਰੀਦ ਦੇ ਮੌਕਿਆਂ ਤੋਂ ਜਾਣੂ ਹੋ ਅਤੇ ਜੇ ਅਜਿਹਾ ਹੈ, ਤਾਂ ਤੁਸੀਂ ਇਨ੍ਹਾਂ ਮੌਕਿਆਂ ਬਾਰੇ ਕਿੰਨਾ ਜਾਣਦੇ ਹੋ?
3. ਆਸਟ੍ਰੇਲੀਆ ਦੀ ਸਰਕਾਰ ਛੋਟੇ ਕਾਰੋਬਾਰਾਂ ਦੀ ਆਸਟ੍ਰੇਲੀਆ ਦੀ ਖਰੀਦ ਦੇ ਮੌਕਿਆਂ ਬਾਰੇ ਜਾਗਰੂਕਤਾ ਨੂੰ ਕਿਵੇਂ ਵਧਾ ਸਕਦੀ ਹੈ?
4. ਜੇ ਤੁਸੀਂ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਖਰੀਦ ਵਿੱਚ ਹਿੱਸਾ ਲਿਆ ਹੈ, ਤਾਂ ਤੁਸੀਂ ਆਪਣੇ ਤਜ਼ਰਬੇ ਦਾ ਵਰਣਨ ਕਿਵੇਂ ਕਰੋਗੇ?

## 5. ਆਸਟ੍ਰੇਲੀਆ ਦੀ ਸਰਕਾਰ ਦੇ ਠੇਕਿਆਂ ਤੱਕ ਛੋਟੇ ਕਾਰੋਬਾਰਾਂ ਦੀ ਪਹੁੰਚ 'ਤੇ 1 ਜੁਲਾਈ 2022 ਦੀਆਂ ਤਬਦੀਲੀਆਂ ਦਾ ਪ੍ਰਭਾਵ

1 ਜੁਲਾਈ 2022 ਨੂੰ ਰਾਸ਼ਟਰਮੰਡਲ ਖਰੀਦ ਨਿਯਮਾਂ ਵਿੱਚ ਤਬਦੀਲੀਆਂ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਨੂੰ ਉਨ੍ਹਾਂ ਦੇ ਆਕਾਰ ਅਤੇ ਸਮਰੱਥਾਵਾਂ ਦੇ ਅਨੁਕੂਲ ਠੇਕਿਆਂ ਤੱਕ ਵਧੇਰੇ ਪਹੁੰਚ ਪ੍ਰਦਾਨ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ। ਤਬਦੀਲੀਆਂ ਨੇ SME ਸਪਲਾਇਰਾਂ ਤੋਂ ਪ੍ਰਾਪਤ ਸਰਕਾਰੀ ਠੇਕਿਆਂ ਲਈ ਮੁੱਲ ਦੇ ਟੀਚੇ ਨੂੰ 10% ਤੋਂ ਵਧਾ ਕੇ 20% ਕਰ ਦਿੱਤਾ। ਇਸ ਨੇ ਖਰੀਦ ਅਧਿਕਾਰੀਆਂ 'ਤੇ ਇਕ ਜ਼ਰੂਰਤ ਵੀ ਲਾਗੂ ਕੀਤੀ ਕਿ ਜਿੱਥੇ ਉਚਿਤ ਹੋਵੇ, ਉਹ ਵੱਡੇ ਪ੍ਰੋਜੈਕਟਾਂ ਨੂੰ ਛੋਟੇ ਪ੍ਰੋਜੈਕਟਾਂ ਵਿਚ ਵੰਡਣ ਬਾਰੇ ਵਿਚਾਰ ਕਰਨ ਜੋ SMEs ਲਈ ਵਧੇਰੇ ਪਹੁੰਚਯੋਗ ਹਨ।

ਹਿੱਸੇਦਾਰਾਂ ਨੇ ਸਰਕਾਰੀ ਵਿਭਾਗਾਂ ਵਿੱਚ ਤਬਦੀਲੀਆਂ ਬਾਰੇ ਜਾਗਰੂਕਤਾ ਅਤੇ ਖਰੀਦ ਅਧਿਕਾਰੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਸਿੱਖਿਆ ਅਤੇ ਸਿਖਲਾਈ ਦੇ ਪੱਧਰਾਂ ਬਾਰੇ ਚਿੰਤਾ ਜ਼ਾਹਰ ਕੀਤੀ ਹੈ। ਜਦੋਂ ਕਿ ਤਬਦੀਲੀਆਂ ਨਾਲ SME ਖਰੀਦ ਵਿੱਚ ਵਾਧਾ ਹੋਣ ਦੀ ਉਮੀਦ ਸੀ, ਸਾਡੇ ਸਲਾਹ-ਮਸ਼ਵਰੇ ਸੁਝਾਅ ਦਿੰਦੇ ਹਨ ਕਿ ਵੱਡੇ ਕਾਰੋਬਾਰਾਂ ਅਤੇ ਜਾਣੇ-ਪਛਾਣੇ ਵਿਰੋਧੀ ਧਿਰਾਂ 'ਤੇ ਧਿਆਨ ਕੇਂਦਰਿਤ ਰਿਹਾ ਹੈ। ਇਸ ਦੀ ਬਜਾਏ, SME ਨੂੰ ਵੱਡੇ ਕਾਰੋਬਾਰਾਂ ਨਾਲ ਸਪਲਾਈ ਚੇਨ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਹਾਲਾਂਕਿ ਬਹੁਤ ਸਾਰੇ ਛੋਟੇ ਕਾਰੋਬਾਰ ਇਨ੍ਹਾਂ ਜ਼ਰੂਰਤਾਂ ਨੂੰ ਰੁਕਾਵਟ ਵਜੋਂ ਵੇਖਦੇ ਹਨ, ਕੁਝ ਵੱਡੀਆਂ ਕੰਪਨੀਆਂ ਰਾਹੀਂ ਕੰਮ ਕਰਨ ਨੂੰ ਖਰੀਦ ਦੇ ਮੌਕਿਆਂ ਤੱਕ ਪਹੁੰਚ ਪ੍ਰਾਪਤ ਕਰਨ ਦੇ ਪ੍ਰਭਾਵਸ਼ਾਲੀ ਸਾਧਨ ਵਜੋਂ ਮੰਨਦੇ ਹਨ। ਉਦਾਹਰਨ ਵਜੋਂ, ਵੱਡੇ ਕਾਰੋਬਾਰਾਂ ਨਾਲ ਪ੍ਰਮੁੱਖ ਕਾਰੋਬਾਰੀ ਸਬੰਧਾਂ ਨੂੰ ਵਿਕਸਤ ਕਰਨਾ SMEs ਨੂੰ ਲਾਭ ਪਹੁੰਚਾ ਸਕਦਾ ਹੈ ਜੋ ਉਪ-ਠੇਕੇਦਾਰ ਵਜੋਂ ਖਰੀਦ ਦੇ ਕੰਮ ਤੱਕ ਪਹੁੰਚ ਪ੍ਰਾਪਤ ਕਰਦੇ ਹਨ। ਕੁਝ ਹਾਲਾਤਾਂ ਵਿੱਚ, SME ਇਸ ਮੌਕੇ ਦੀ ਵਰਤੋਂ ਸਰਕਾਰੀ ਖਰੀਦ ਬਾਰੇ ਗਿਆਨ ਪ੍ਰਾਪਤ ਕਰਨ ਅਤੇ ਹੋਰ ਗੈਰ-ਸਰਕਾਰੀ ਕੰਮਾਂ ਤੱਕ ਪਹੁੰਚ ਦਾ ਸਮਰਥਨ ਕਰਨ ਲਈ ਸਬੰਧਾਂ ਦਾ ਲਾਭ ਉਠਾਉਣ ਲਈ ਆਪਣੀਆਂ ਸਮਰੱਥਾਵਾਂ ਨੂੰ ਵਿਕਸਤ ਕਰਨ ਲਈ ਕਰਦੇ ਹਨ।

ਅਸੀਂ ਛੋਟੇ ਕਾਰੋਬਾਰਾਂ ਤੋਂ ਵੱਡੇ ਕਾਰੋਬਾਰਾਂ ਰਾਹੀਂ ਕੰਮ ਕਰਨ ਦੇ ਤੁਹਾਡੇ ਤਜ਼ਰਬਿਆਂ ਬਾਰੇ ਸੁਣਨਾ ਚਾਹੁੰਦੇ ਹਾਂ, ਖਾਸ ਕਰਕੇ ਤੁਹਾਡੀਆਂ ਸਮਰੱਥਾਵਾਂ ਨੂੰ ਵਧਾਉਣ 'ਤੇ ਇਸ ਦੇ ਹੋਣ ਵਾਲੇ ਪ੍ਰਭਾਵਾਂ ਬਾਰੇ।

ਛੋਟੇ ਕਾਰੋਬਾਰਾਂ ਨੂੰ ਖਰੀਦ ਦੇ ਮੌਕਿਆਂ ਲਈ ਵਾਧੂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਉਨ੍ਹਾਂ ਦੇ ਨਿਯੰਤਰਣ ਤੋਂ ਬਾਹਰ ਹਨ। ਹਿੱਸੇਦਾਰਾਂ ਨੇ ASBFEO ਨਾਲ ਚਿੰਤਾਵਾਂ ਜ਼ਾਹਰ ਕੀਤੀਆਂ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹਨ:

- ਵੱਡੀਆਂ ਕੰਪਨੀਆਂ ਦੀਆਂ ਪੂਰੀ ਮਲਕੀਅਤ ਵਾਲੀਆਂ ਸਹਾਇਕ ਕੰਪਨੀਆਂ ਨੂੰ SME ਛੋਟ ਦੇ ਅਧੀਨ ਠੇਕੇ ਦਿੱਤੇ ਜਾਂਦੇ ਹਨ
- ਨਿੱਜੀ ਰਿਸ਼ਤੇ ਫ਼ੈਸਲੇ ਲੈਣ ਵਿੱਚ ਭੂਮਿਕਾ ਨਿਭਾਉਂਦੇ ਹਨ
- ਟੈਂਡਰ ਪਾਰਦਰਸ਼ੀ ਨਹੀਂ ਹਨ
- ਸੀਮਤ ਟੈਂਡਰਾਂ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ, ਕਈ ਵਾਰ ਬਿਨਾਂ ਕਿਸੇ ਕਾਰਨ ਦੇ
- ਸੀਮਤ ਟੈਂਡਰ ਛੋਟਾਂ ਨੂੰ ਗਲਤ ਤਰੀਕੇ ਨਾਲ ਵਰਤਿਆ ਜਾ ਰਿਹਾ ਹੈ।

### ਛੋਟੇ ਕਾਰੋਬਾਰ ਲਈ ਸਵਾਲ

5. ਕੀ ਤੁਸੀਂ 1 ਜੁਲਾਈ 2022 ਨੂੰ ਰਾਸ਼ਟਰਮੰਡਲ ਖਰੀਦ ਨਿਯਮਾਂ ਵਿੱਚ ਹੋਈਆਂ ਕਿਸੇ ਤਬਦੀਲੀਆਂ ਨੂੰ ਜਾਣਦੇ ਹੋ, ਅਤੇ ਜੇ ਹਾਂ, ਤਾਂ ਤੁਹਾਨੂੰ ਕਿਵੇਂ ਪਤਾ ਲੱਗਿਆ?
6. ਕੀ ਤੁਸੀਂ 1 ਜੁਲਾਈ 2022 ਤੋਂ ਬਾਅਦ ਆਸਟ੍ਰੇਲੀਆ ਦੀ ਸਰਕਾਰ ਦੀਆਂ ਖਰੀਦ ਕਾਰਵਾਈਆਂ ਵਿੱਚ ਕੋਈ ਤਬਦੀਲੀਆਂ ਵੇਖੀਆਂ ਹਨ? ਜੇ ਸੰਭਵ ਹੋਵੇ, ਤਾਂ ਕਿਰਪਾ ਕਰਕੇ ਤਬਦੀਲੀਆਂ ਦਾ ਵਰਣਨ ਕਰੋ।
7. ਆਸਟ੍ਰੇਲੀਆ ਦੀ ਸਰਕਾਰ ਦੇ ਖਰੀਦ ਮੌਕਿਆਂ ਤੱਕ ਪਹੁੰਚ ਪ੍ਰਾਪਤ ਕਰਨ ਵਿੱਚ ਨੈੱਟਵਰਕਿੰਗ ਅਤੇ ਰਿਸ਼ਤਾ-ਨਿਰਮਾਣ ਕੀ ਭੂਮਿਕਾ ਨਿਭਾਉਂਦੇ ਹਨ? SME ਪ੍ਰਦਾਤਾ ਇਸ ਪਹਿਲੂ ਨੂੰ ਸਮਝਣ ਲਈ ਆਪਣੀਆਂ ਸਮਰੱਥਾਵਾਂ ਨੂੰ ਕਿਵੇਂ ਸੁਧਾਰ ਸਕਦੇ ਹਨ?
8. ਛੋਟੇ ਕਾਰੋਬਾਰਾਂ ਨੂੰ ਵੱਡੇ ਖਰੀਦ ਮੌਕਿਆਂ ਵਿੱਚ ਸ਼ਾਮਲ ਹੋਣ ਲਈ ਹੋਰ ਸੰਸਥਾਵਾਂ ਜਾਂ ਸੰਗਠਨਾਂ ਨਾਲ ਸਹਿਯੋਗ ਕਰਨ ਵਿੱਚ ਕੀ ਮਦਦ ਮਿਲੇਗੀ?

# 6. ਛੋਟਾਂ ਅਤੇ ਪੈਨਲ ਪ੍ਰਬੰਧ

ਕੁਝ ਖਰੀਦਾਂ ਨੂੰ ਰਾਸ਼ਟਰਮੰਡਲ ਖਰੀਦ ਨਿਯਮਾਂ ਦੇ ਡਿਵੀਜ਼ਨ 2 ਅਤੇ ਡਿਵੀਜ਼ਨ 1 ਦੇ ਪੈਰਾ 4.7, 4.8 ਅਤੇ 7.26 ਤੋਂ ਛੋਟ ਦਿੱਤੀ ਗਈ ਹੈ।[11] ਅਜਿਹੀਆਂ ਛੋਟਾਂ ਹੇਠਾਂ ਸੂਚੀਬੱਧ ਹਨ।

- ਛੋਟ 13 - ਰੱਖਿਆ ਖੁਫੀਆ ਸੰਗਠਨ, ਆਸਟ੍ਰੇਲੀਆ ਦੇ ਸਿਗਨਲ ਡਾਇਰੈਕਟੋਰੇਟ, ਜਾਂ ਆਸਟ੍ਰੇਲੀਆ ਦੇ ਜੀਓਸਪੈਟੀਅਲ ਇੰਟੈਲੀਜੈਂਸ ਆਰਗੇਨਾਈਜ਼ੇਸ਼ਨ ਦੁਆਰਾ ਜਾਂ ਉਸ ਦੀ ਤਰਫੋਂ ਚੀਜ਼ਾਂ ਅਤੇ ਸੇਵਾਵਾਂ ਦੀ ਖਰੀਦ।
- ਛੋਟ 16 - ਘੱਟੋ ਘੱਟ 50% ਸਵਦੇਸ਼ੀ ਮਾਲਕੀ ਵਾਲੇ SME ਤੋਂ ਚੀਜ਼ਾਂ ਅਤੇ ਸੇਵਾਵਾਂ ਦੀ ਖਰੀਦ।
- ਛੋਟ 17 - ਇੱਕ SME ਤੋਂ ਰੱਖਿਆ ਵਿਭਾਗ ਦੁਆਰਾ 200,000 ਡਾਲਰ ਤੱਕ ਜਾਂ ਉਸ ਦੀ ਤਰਫੋਂ 500,000 ਡਾਲਰ ਤੱਕ ਦੀਆਂ ਚੀਜ਼ਾਂ ਅਤੇ ਸੇਵਾਵਾਂ ਦੀ ਖਰੀਦ (ਨੋਟ: ਸਵਦੇਸ਼ੀ ਖਰੀਦ ਅਧੀਨ ਲੋੜਾਂ ਨੂੰ ਇਸ ਛੋਟ ਨੂੰ ਲਾਗੂ ਕਰਨ ਤੋਂ ਪਹਿਲਾਂ ਨੀਤੀ ਨੂੰ ਸੰਤੁਸ਼ਟ ਕਰਨਾ ਲਾਜ਼ਮੀ ਹੈ)।

## ਫਸਟ ਨੇਸ਼ਨਜ਼ ਦੇ ਲੋਕਾਂ ਦੁਆਰਾ ਹਿੱਸੇਦਾਰੀ ਅਤੇ ਵਾਧੂ ਛੋਟਾਂ

ਮੌਜੂਦਾ CPRs ਸਵਦੇਸ਼ੀ ਖਰੀਦ ਨੀਤੀ (IPP) ਦੇ ਅਧੀਨ, ਸਵਦੇਸ਼ੀ ਕਾਰੋਬਾਰਾਂ ਨੂੰ ਬਾਜ਼ਾਰ ਵਿੱਚ ਆਮ ਪਹੁੰਚ ਤੋਂ ਪਹਿਲਾਂ ਪੈਸੇ ਲਈ ਪੂਰਾ ਮੁੱਲ ਪ੍ਰਦਰਸ਼ਿਤ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।[12] ਔਸਟਟੈਂਡਰ ਦੇ ਅੰਕੜਿਆਂ ਅਨੁਸਾਰ, ਵਿੱਤੀ ਸਾਲ 2021-22 ਵਿੱਚ ਸਵਦੇਸ਼ੀ ਸੀਮਤ ਟੈਂਡਰ ਛੋਟ ਦੀ ਵਰਤੋਂ ਕਰਦਿਆਂ ਆਸਟ੍ਰੇਲੀਆ ਦੀ ਸਰਕਾਰ ਦੇ 768 ਠੇਕੇ ਦਿੱਤੇ ਗਏ ਸਨ।[13] ਸਵਦੇਸ਼ੀ ਸੀਮਤ ਟੈਂਡਰ ਛੋਟ ਘੱਟੋ ਘੱਟ 50% ਸਵਦੇਸ਼ੀ ਮਾਲਕੀ ਵਾਲੇ SMEs ਲਈ ਲਾਗੂ ਹੁੰਦੀ ਹੈ।

ਹਿੱਸੇਦਾਰਾਂ ਨੇ ਸਰਕਾਰੀ ਖਰੀਦ ਕਾਰਵਾਈ ਵਿੱਚ ਸ਼ਾਮਲ ਫਸਟ ਨੇਸ਼ਨਜ਼ ਦੇ ਲੋਕਾਂ ਦੀ ਮਲਕੀਅਤ ਵਾਲੇ ਛੋਟੇ ਕਾਰੋਬਾਰਾਂ ਲਈ ਚੁਣੌਤੀਆਂ ਦੀ ਪਛਾਣ ਕੀਤੀ ਅਤੇ ਛੋਟ 16 ਵਾਲੇ ਲਾਭ ਪ੍ਰਾਪਤ ਕੀਤੇ। ਇਸ ਤੋਂ ਇਲਾਵਾ, ਹਿੱਸੇਦਾਰਾਂ ਨੇ ਮੌਜੂਦਾ ਪੈਨਲ ਪ੍ਰਣਾਲੀ ਰਾਹੀਂ ਫਸਟ ਨੇਸ਼ਨਜ਼ ਦੇ ਲੋਕਾਂ ਦੇ ਕਾਰੋਬਾਰਾਂ ਦੀ ਪਛਾਣ ਕਰਨ ਵਿੱਚ ਚੁਣੌਤੀਆਂ ਅਤੇ ਫਸਟ ਨੇਸ਼ਨਜ਼ ਲੋਕਾਂ ਦੀ ਹਿੱਸੇਦਾਰੀ ਵਧਾਉਣ ਲਈ ਇਸ ਨਾਲ ਪੈਦਾ ਹੋਣ ਵਾਲੀ ਰੁਕਾਵਟ ਦਾ ਵਰਣਨ ਕੀਤਾ ਹੈ।

ਹਿੱਸੇਦਾਰਾਂ ਨੇ ਸਿਫਾਰਸ਼ ਕੀਤੀ ਕਿ ਜਾਂਚ ਵਿੱਚ ਗੈਰ-ਨੁਮਾਇੰਦਗੀ ਵਾਲੇ ਸਮੂਹਾਂ ਵਿੱਚ ਕਾਰੋਬਾਰਾਂ ਦੀ ਬਿਹਤਰ ਸਹਾਇਤਾ ਕਰਨ ਲਈ ਵਾਧੂ ਛੋਟਾਂ ਅਤੇ ਖਰੀਦ ਨੀਤੀਆਂ ਦੇ ਗੁਣਾਂ ਅਤੇ ਮੌਜੂਦਾ ਛੋਟਾਂ ਦੁਆਰਾ ਬਣਾਏ ਗਏ SME ਨੂੰ ਸ਼ਾਮਲ ਕਰਨ ਵਿੱਚ ਅਣਜਾਣੇ ਵਿੱਚ ਆਉਂਦੀਆਂ ਰੁਕਾਵਟਾਂ 'ਤੇ ਵਿਚਾਰ ਕੀਤਾ ਜਾਵੇ। ਉਦਾਹਰਣ ਵਜੋਂ, ਸਰਕਾਰੀ ਖਰੀਦ ਵਿੱਚ ਛੋਟੇ ਕਾਰੋਬਾਰਾਂ ਦੀ ਹਿੱਸੇਦਾਰੀ ਨੂੰ ਖਰੀਦ ਸੰਸਥਾਵਾਂ ਨੂੰ ਛੋਟੇ ਕਾਰੋਬਾਰਾਂ ਦੀ ਚੋਣ ਕਰਨ ਦੀ ਆਗਿਆ ਦੇ ਕੇ ਵਧਾਇਆ ਜਾ ਸਕਦਾ ਹੈ ਜੋ ਦੋ ਜਾਂ ਵਧੇਰੇ ਵਿਆਪਕ ਨੀਤੀ ਉਦੇਸ਼ਾਂ ਨੂੰ ਪੂਰਾ ਕਰਦੇ ਹਨ। ਇਹ ਇਸ ਲੋੜ ਦਾ ਇਕ ਵਧੀਆ ਵਿਕਲਪ ਹੋ ਸਕਦਾ ਹੈ ਕਿ ਹੋਰ ਵਿਸ਼ੇਸ਼ ਨੀਤੀ ਉਦੇਸ਼ਾਂ ਨੂੰ ਪਹਿਲਾਂ ਪੂਰਾ ਕੀਤਾ ਜਾਣਾ ਚਾਹੀਦਾ ਹੈ, ਅਤੇ ਅਣਜਾਣੇ ਵਿੱਚ ਪਹਿਲਾਂ ਦੀਆਂ ਰੁਕਾਵਟਾਂ ਦੇ ਨਾਲ ਛੋਟੇ ਕਾਰੋਬਾਰ ਦੀ ਖਰੀਦ ਲਈ ਇਕੋ ਗੇਟਵੇਅ ਬਣਾਉਣਾ ਚਾਹੀਦਾ ਹੈ।

[11] Department of Finance, *Commonwealth Procurement Rules*, viewed 03 July 2023, https://www.finance.gov.au/government/procurement/commonwealth-procurement-rules

[12] National Indigenous Australians Agency, *Indigenous Procurement Policy*, viewed 11 May 2023. https://www.niaa.gov.au/indigenous-affairs/economic-development/indigenous-procurement-policy-ipp

[13] AusTender, *How the Government Buys*, viewed 22 May 2023. https://help.tenders.gov.au/getting-started-with-austender/information- made-easy/how-the-government-buys/

ਸਰਕਾਰ ਦੀ ਇਹ ਲੋੜ ਕਿ ਖਰੀਦ ਅਧਿਕਾਰੀ ਪੈਸੇ ਦੇ ਪੂਰੇ ਮੁੱਲ ਦਾ ਮੁਲਾਂਕਣ ਕਰਨ ਸਮੇਂ ਜਲਵਾਯੂ ਤਬਦੀਲੀ 'ਤੇ ਖਰੀਦ ਦੇ ਵਿਆਪਕ ਪ੍ਰਭਾਵ 'ਤੇ ਵਿਚਾਰ ਕਰਨ, ਨੂੰ ਵੀ 'ਮਲਟੀ-ਗੇਟਵੇਅ' ਪਹੁੰਚ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਹਿੱਸੇਦਾਰਾਂ ਦੇ ਜਮ੍ਹਾਂ ਕੀਤੇ ਵਿਚਾਰਾਂ ਅਤੇ ਸਲਾਹ-ਮਸ਼ਵਰੇ ਨੇ ਸੁਝਾਅ ਦਿੱਤਾ ਕਿ ਔਰਤਾਂ ਦੀ ਮਲਕੀਅਤ ਵਾਲੇ ਅਤੇ ਅਗਵਾਈ ਵਾਲੇ ਛੋਟੇ ਕਾਰੋਬਾਰਾਂ ਦੇ ਨਾਲ-ਨਾਲ ਰੱਖਿਆ ਸਾਬਕਾ ਫੌਜੀਆਂ ਦੀ ਮਲਕੀਅਤ ਵਾਲੇ ਛੋਟੇ ਕਾਰੋਬਾਰਾਂ ਲਈ ਛੋਟਾਂ ਮੌਜੂਦ ਹੋਣੀਆਂ ਚਾਹੀਦੀਆਂ ਹਨ।

## ਪੈਨਲ ਪ੍ਰਬੰਧ

ASBFEO ਉਨ੍ਹਾਂ ਉਦਾਹਰਨਾਂ ਤੋਂ ਜਾਣੂ ਹੈ ਜਿੱਥੇ ਛੋਟੇ ਕਾਰੋਬਾਰਾਂ ਨੇ ਆਸਟ੍ਰੇਲੀਆ ਦੀ ਸਰਕਾਰ ਦੇ ਵੱਖ-ਵੱਖ ਪੈਨਲਾਂ ਲਈ ਅਰਜ਼ੀ ਦੇਣ ਅਤੇ ਪੈਨਲ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨ ਲਈ ਸਮਾਂ ਅਤੇ ਸਰੋਤ ਨਿਵੇਸ਼ ਕੀਤੇ ਹਨ, ਬਾਅਦ ਵਿੱਚ ਇਹ ਪਤਾ ਲੱਗਾ ਕਿ ਵੱਡੀਆਂ ਏਜੰਸੀਆਂ ਇਨ੍ਹਾਂ ਚੀਜ਼ਾਂ ਅਤੇ ਸੇਵਾਵਾਂ ਦੀ ਖਰੀਦ ਲਈ ਹੋਰਨਾਂ ਵੱਖ-ਵੱਖ ਪੈਨਲਾਂ ਦੀ ਵਰਤੋਂ ਕਰ ਰਹੀਆਂ ਹਨ।

ਆਸਟ੍ਰੇਲੀਆ ਦੇ ਨੈਸ਼ਨਲ ਆਡਿਟ ਆਫਿਸ (ANAO) ਦੁਆਰਾ ਔਸਟੈਂਡਰ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਵਿੱਚ ਪਤਾ ਲੱਗਾ ਹੈ ਕਿ ਸਥਾਈ ਪੇਸ਼ਕਸ਼ ਨੋਟਿਸ (SON) ਨਾਲ ਜੁੜੇ ਠੇਕਿਆਂ ਵਿੱਚੋਂ 43% ਨੂੰ 2012-13 ਵਿੱਚ ਪੈਨਲ ਪ੍ਰਬੰਧਾਂ ਵਜੋਂ ਰਿਪੋਰਟ ਕੀਤਾ ਗਿਆ ਸੀ, ਜੋ 2021-22 ਵਿੱਚ ਵਧ ਕੇ 95% ਹੋ ਗਿਆ। ਇਹ ਵਾਧਾ SON ਨਾਲ ਜੁੜੇ ਠੇਕਿਆਂ ਦੇ ਵਚਨਬੱਧ ਮੁੱਲ ਵਿੱਚ ਵੀ ਦੇਖਿਆ ਗਿਆ ਸੀ, ਜਿਸ ਨੂੰ ਪੈਨਲ ਪ੍ਰਬੰਧ ਵਜੋਂ ਰਿਪੋਰਟ ਕੀਤਾ ਗਿਆ ਸੀ, ਜੋ 2012-13 ਵਿੱਚ 48% ਤੋਂ ਵਧ ਕੇ 2021-22 ਵਿੱਚ 80% ਹੋ ਗਿਆ।[14]

ਇਸ ਤੋਂ ਇਲਾਵਾ, 2012-13 ਅਤੇ 2021-22 ਦੇ ਵਿਚਕਾਰ ਇਕ ਸਮੇਂ 3,173 ਵਿਅਕਤੀਗਤ SON ਸਰਗਰਮ ਸਨ, ਜਿਨ੍ਹਾਂ ਵਿੱਚੋਂ 45% (1,418) ਪੈਨਲ ਪ੍ਰਬੰਧ ਦੇ ਅਧੀਨ ਸਨ। ਇਹ ਧਿਆਨ ਦੇਣ ਯੋਗ ਹੈ ਕਿ 26% (812) SONs ਨੇ SONs ਦੇ ਡੈਟਾਸੈਟ ਦੇ 'ਪੈਨਲ ਪ੍ਰਬੰਧ' ਝੰਡੇ ਦੇ ਹਿਸਾਬ ਨਾਲ ਕਿਸੇ ਵੀ ਜਾਣਕਾਰੀ ਦੀ ਰਿਪੋਰਟ ਨਹੀਂ ਕੀਤੀ।[15]

ਅੰਕੜੇ ਪੁਸ਼ਟੀ ਕਰਦੇ ਹਨ ਕਿ ਪੈਨਲ ਪ੍ਰਬੰਧ ਸਰਕਾਰੀ ਖਰੀਦ ਕਾਰਵਾਈਆਂ ਦਾ ਇਕ ਮਹੱਤਵਪੂਰਣ ਹਿੱਸਾ ਬਣਦੇ ਹਨ। ਲਿਖਣ ਦੇ ਸਮੇਂ, 600 ਤੋਂ ਵੱਧ ਸਥਾਈ ਪੇਸ਼ਕਸ਼ਾਂ ਹਨ, ਜਿਸ ਵਿੱਚ ਪੈਨਲ ਸ਼ਾਮਲ ਹਨ ਜੋ ਇੱਕੋ ਜਿਹੇ ਜਾਂ ਉਸ ਦੀ ਨਕਲ ਵਾਲੇ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ।[16] ਇਹ ਛੋਟੇ ਕਾਰੋਬਾਰਾਂ ਨੂੰ ਖਰੀਦ ਪੈਨਲਾਂ ਦੇ ਇਕ ਗੁੰਝਲਦਾਰ ਜਾਲ ਵਿੱਚ ਛੱਡ ਦਿੰਦਾ ਹੈ ਜੋ ਪਿਛਲੇ ਤਜਰਬੇ ਜਾਂ ਸਰਕਾਰੀ ਖਰੀਦ ਦੇ ਅੰਦਰੂਨੀ ਕੰਮਕਾਜ ਬਾਰੇ ਗਿਆਨ ਤੋਂ ਬਿਨਾਂ ਸਮਝਣਾ ਮੁਸ਼ਕਲ ਹੈ।

ਹਿੱਸੇਦਾਰਾਂ ਨੇ ਇਹ ਵੀ ਚਿੰਤਾ ਜ਼ਾਹਰ ਕੀਤੀ ਹੈ ਕਿ ਬਹੁਤ ਸਾਰੇ ਛੋਟੇ ਕਾਰੋਬਾਰ ਸਰਕਾਰੀ ਖਰੀਦ ਪੈਨਲਾਂ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਸਮਾਂ ਅਤੇ ਪੈਸਾ ਨਿਵੇਸ਼ ਕਰਦੇ ਹਨ ਅਤੇ ਬਹੁਤ ਘੱਟ ਜਾਂ ਕੋਈ ਕੰਮ ਪ੍ਰਾਪਤ ਨਹੀਂ ਕਰਦੇ। ਇਹ ਚਿੰਤਾਵਾਂ ਸੀਮਤ ਸੰਕੇਤਾਂ ਦੁਆਰਾ ਵਧੀਆਂ ਹਨ ਕਿ ਪੈਨਲ 'ਤੇ ਸਪਲਾਇਰਾਂ ਨੇ ਆਪੋ ਵਿੱਚ ਸਬੰਧ ਬਣਾਏ ਹੋਏ ਹਨ।

### ਆਸਟ੍ਰੇਲੀਆ ਦੀ ਸਰਕਾਰੀ ਏਜੰਸੀਆਂ ਵਾਸਤੇ ਸਵਾਲ

9. ਆਸਟ੍ਰੇਲੀਆ ਦੀ ਸਰਕਾਰ ਦੇ ਖਰੀਦ ਅਧਿਕਾਰੀ ਅਤੇ ਨੀਤੀ ਨਿਰਮਾਤਾ ਘੱਟ ਪ੍ਰਤੀਨਿਧਤਾ ਵਾਲੇ ਸਮੂਹਾਂ ਵਿੱਚ ਛੋਟੇ ਕਾਰੋਬਾਰਾਂ ਦੀ ਬਿਹਤਰ ਸਹਾਇਤਾ ਕਰਨ ਲਈ ਵਧੇਰੇ ਸਮਾਵੇਸ਼ੀ ਖਰੀਦ ਨੀਤੀਆਂ ਕਿਵੇਂ ਬਣਾ ਸਕਦੇ ਹਨ, ਜਿਸ ਵਿੱਚ ਫਸਟ ਨੇਸ਼ਨਜ਼ ਦੇ ਲੋਕ, ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਆਸਟ੍ਰੇਲੀਆ ਵਾਸੀ ਅਤੇ ਔਰਤਾਂ ਦੀ ਮਲਕੀਅਤ ਵਾਲੇ ਅਤੇ ਅਗਵਾਈ ਵਾਲੇ ਕਾਰੋਬਾਰ ਸ਼ਾਮਲ ਹਨ?
10. ਕੀ ਆਸਟ੍ਰੇਲੀਆ ਦੀ ਸਰਕਾਰ ਦੀ ਖਰੀਦ ਵਿੱਚ ਛੋਟੇ ਕਾਰੋਬਾਰਾਂ ਦੀ ਹਿੱਸੇਦਾਰੀ ਵਧਾਉਣ ਵਿੱਚ ਰੁਕਾਵਟਾਂ ਹਨ? ਜੇ ਹਾਂ, ਤਾਂ ਉਹ ਕੀ ਹਨ?
11. ਆਸਟ੍ਰੇਲੀਆ ਦੀ ਸਰਕਾਰ ਦੀਆਂ ਖਰੀਦ ਕਾਰਵਾਈਆਂ ਨੂੰ ਸਰਲ ਅਤੇ ਡੀਕੋਡ ਕਰਨ ਲਈ ਕਿਹੜੇ ਤਕਨੀਕੀ ਮੌਕਿਆਂ ਦੀ ਤਲਾਸ਼ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਵਧੇਰੇ SMEs ਨੂੰ ਇਨ੍ਹਾਂ ਮੌਕਿਆਂ ਵਿੱਚ ਹਿੱਸਾ ਲੈਣ ਦੀ ਆਗਿਆ ਮਿਲਦੀ ਹੈ?
12. ਕੀ ਤੁਸੀਂ ਛੋਟੇ ਕਾਰੋਬਾਰਾਂ ਨੂੰ ਆਸਟ੍ਰੇਲੀਆ ਦੀ ਸਰਕਾਰ ਦੀ ਖਰੀਦ ਵਿੱਚ ਹਿੱਸਾ ਲੈਣ ਅਤੇ ਮੌਕਿਆਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਕਿਸੇ ਸਹਾਇਤਾ ਸੇਵਾਵਾਂ ਜਾਂ ਸਰੋਤਾਂ ਬਾਰੇ ਜਾਣਦੇ ਹੋ ? ਕਿਹੜੀਆਂ ਸਹਾਇਤਾ ਸੇਵਾਵਾਂ ਅਤੇ ਸਰੋਤਾਂ ਦੀ ਲੋੜ ਹੈ?

[14] The Australian National Audit Office, *Australian Government Procurement Contract Reporting – 2022 Update*. viewed 1 June 2023.

[15] The Australian National Audit Office, *Australian Government Procurement Contract Reporting – 2022 Update*. viewed 1 June 2023

[16] AusTender, *Standing Offer Notice List*. viewed 1 June 2023.

# 7. ਆਸਟ੍ਰੇਲੀਆ ਦੀ ਸਰਕਾਰ ਦੀਆਂ ਸੰਸਥਾਵਾਂ ਦੀ ਸਹਾਇਤਾ ਕਰਨੀ ਅਤੇ ਛੋਟੇ ਕਾਰੋਬਾਰਾਂ ਨੂੰ ਬਿਹਤਰ ਢੰਗ ਨਾਲ ਸ਼ਾਮਲ ਕਰਨ ਲਈ ਖਰੀਦ ਅਧਿਕਾਰੀਆਂ ਦੀ ਚੋਣ ਕਰਨੀ ਤਾਂ ਜੋ ਛੋਟੇ ਕਾਰੋਬਾਰਾਂ ਨੂੰ ਬਿਹਤਰੀਨ ਢੰਗ ਨਾਲ ਚਲਾਇਆ ਜਾ ਸਕੇ

ਹਾਲਾਂਕਿ ਪੂਰੇ ਸਰਕਾਰੀ CPRs ਦੇ ਅਧੀਨ ਹਨ, ਵਿਅਕਤੀਗਤ ਸੰਸਥਾਵਾਂ ਇਹ ਆਕਾਰ ਦੇ ਸਕਦੀਆਂ ਹਨ ਕਿ ਉਹ ਖਰੀਦ ਕਿਵੇਂ ਕਰਦੀਆਂ ਹਨ। ਉਦਾਹਰਣ ਵਜੋਂ, ਰੱਖਿਆ ਵਿਭਾਗ ਦੇ ਅੰਦਰ, ਰੱਖਿਆ ਖਰੀਦ ਵਿੱਚ SMEs ਦੀ ਸ਼ਮੂਲੀਅਤ ਵਧਾਉਣ ਲਈ ਛੋਟੇ ਕਾਰੋਬਾਰਾਂ ਅਤੇ ਖਰੀਦ ਅਧਿਕਾਰੀਆਂ ਦੀ ਸਹਾਇਤਾ ਲਈ ਰੱਖਿਆ ਉਦਯੋਗ ਸਹਾਇਤਾ ਦਾ ਦਫ਼ਤਰ ਅਤੇ ਸਮਾਲ ਬਿਜ਼ਨਸ ਐਡਵੋਕੇਸੀ ਟੀਮ ਦੋਵੇਂ ਬਣਾਏ ਗਏ ਹਨ।

ASBFEO ਖਰੀਦ ਅਧਿਕਾਰੀਆਂ ਦੀਆਂ ਉਦਾਹਰਨਾਂ ਤੋਂ ਜਾਣੂ ਹੈ ਜੋ SMEs ਨੂੰ ਖਰੀਦ ਠੇਕਿਆਂ ਬਾਰੇ ਮੁਕਾਬਲਾ ਕਰਨ ਦੇ ਯੋਗ ਬਣਾਉਣ ਲਈ ਅਭਿਆਸਾਂ ਨੂੰ ਅਪਣਾਉਂਦੇ ਹਨ। ਇਸ ਦੀ ਇਕ ਉਦਾਹਰਣ ਇਕ ਮੀਡੀਆ ਪ੍ਰੋਜੈਕਟ ਨੂੰ ਕਈ ਛੋਟੇ ਠੇਕਿਆਂ ਵਿੱਚ ਵੰਡਣਾ ਹੈ। ਇਨ੍ਹਾਂ ਛੋਟੇ ਠੇਕਿਆਂ ਨੇ SMEs ਨੂੰ ਇਜਾਜ਼ਤ ਦਿੱਤੀ ਜੋ ਵੱਡੇ 'ਇਕੱਠੇ ਬੰਨ੍ਹੇ ਹੋਏ' ਠੇਕੇ ਲਈ ਮੁਕਾਬਲਾ ਕਰਨ ਦੇ ਯੋਗ ਨਹੀਂ ਹੁੰਦੇ ਅਤੇ ਆਖਰਕਾਰ ਆਪਣੇ ਆਕਾਰ ਅਤੇ ਸਮਰੱਥਾਵਾਂ ਦੇ ਅੰਦਰ ਸਮੱਗਰੀ ਪ੍ਰਦਾਨ ਕਰਦੇ ਹਨ।

ਹਿੱਸੇਦਾਰਾਂ ਨੇ ਅਜਿਹੀਆਂ ਉਦਾਹਰਨਾਂ ਦੀ ਵੀ ਪਛਾਣ ਕੀਤੀ ਹੈ ਜਿੱਥੇ ਖਰੀਦ ਅਭਿਆਸਾਂ ਨੇ SME ਹਿੱਸੇਦਾਰੀ ਦਾ ਸਮਰਥਨ ਨਹੀਂ ਕੀਤਾ ਹੈ। ਇਹਨਾਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਜਿੱਥੇ ਖਰੀਦ ਅਧਿਕਾਰੀਆਂ ਨੇ 200,000 ਡਾਲਰ (ਰੱਖਿਆ ਠੇਕਿਆਂ ਲਈ 500,000 ਡਾਲਰ) ਤੋਂ ਘੱਟ ਦੇ ਠੇਕਿਆਂ ਲਈ SME ਛੋਟ ਦੀ ਵਰਤੋਂ ਕਰਨ ਤੋਂ ਪਰਹੇਜ਼ ਕੀਤਾ ਹੈ
- ਸਰਕਾਰੀ ਖਰੀਦ ਤੱਕ ਪਹੁੰਚ ਪ੍ਰਾਪਤ ਕਰਨ ਦੀਆਂ ਲੋੜਾਂ ਅਕਸਰ ਹੋਰ ਉਦਯੋਗਿਕ ਮਿਆਰਾਂ ਜਾਂ ਪਹਿਲਾਂ ਤੋਂ ਮੌਜੂਦ ਲੋੜਾਂ ਨਾਲ ਨਕਲ ਜਾਂ ਸਾਂਝੀਆਂ ਹੁੰਦੀਆਂ ਹਨ (ਇਹ ਨੋਟ ਕਰਦੇ ਹੋਏ ਕਿ ਲੋੜਾਂ ਵਿੱਚ ਕੋਈ ਵੀ ਅਸੰਤੁਲਨ ਛੋਟੇ ਕਾਰੋਬਾਰਾਂ ਨੂੰ ਗੈਰ-ਅਨੁਕੂਲ ਤੌਰ 'ਤੇ ਨੁਕਸਾਨ ਪਹੁੰਚਾਉਂਦਾ ਹੈ)
- ਠੇਕੇ ਦੇ ਮੁੱਲ ਦੇ ਗੈਰ-ਅਨੁਕੂਲ ਸਪਲਾਈ ਚੇਨ ਵਿੱਚ ਜ਼ਮਾਨਤ ਬਾਂਡਾਂ ਜਾਂ ਬੈਂਕ ਗਾਰੰਟੀਆਂ ਦੀ ਵਰਤੋਂ
- ਬਹੁਤ ਜ਼ਿਆਦਾ ਬੀਮਾ ਲੋੜਾਂ, ਜਿਵੇਂ ਕਿ ਕਾਰੋਬਾਰ ਬੀਮਾ ਪਾਲਸੀ 'ਤੇ ਨਾਮੀ ਬੀਮਾਯੁਕਤ ਵਜੋਂ ਸੂਚੀਬੱਧ ਏਜੰਸੀ ਦਾ ਹੋਣਾ
- ਲੰਬੇ ਸਮੇਂ ਤੋਂ ਚੱਲ ਰਹੇ ਅਤੇ ਸਥਿਰ ਪੈਨਲ ਪ੍ਰਬੰਧ ਛੋਟੇ ਕਾਰੋਬਾਰੀ ਸਪਲਾਇਰਾਂ ਨੂੰ ਲੰਬੇ ਸਮੇਂ ਲਈ 'ਬਾਹਰ ਰੱਖਦੇ' ਹਨ
- ਮੌਜੂਦਾ ਸਪਲਾਇਰਾਂ ਨਾਲ ਵਾਰ-ਵਾਰ ਸੰਪਰਕ ਕਰਨ ਅਤੇ ਨਵੇਂ ਦਾਖਲਹੋਣ ਵਾਲਿਆਂ ਨੂੰ ਬਾਹਰ ਕੱਢਣ ਲਈ ਸੀਮਤ ਟੈਂਡਰਾਂ ਦੀ ਵਰਤੋਂ
- ਕਾਰਵਾਈ ਦੀ ਪਾਲਣਾ ਕਰਨ ਦੇ ਕਦਮ ਵਜੋਂ ਛੋਟਾਂ ਨੂੰ ਲਾਪਰਵਾਹੀ ਨਾਲ ਸਵੀਕਾਰ ਕਰਨਾ।

ASBFEO ਮੰਨਦਾ ਹੈ ਕਿ ਹਿੱਸੇਦਾਰਾਂ ਤੋਂ ਸ਼ੁਰੂਆਤੀ ਸੁਝਾਅ (ਅਰਲੀ ਫੀਡਬੈਕ) 1 ਜੁਲਾਈ 2022 ਦੀਆਂ ਤਬਦੀਲੀਆਂ ਤੋਂ ਬਾਅਦ ਵੱਡੇ ਪ੍ਰੋਜੈਕਟਾਂ ਨੂੰ ਵੱਖ ਕਰਨ ਦੀ ਕੋਸ਼ਿਸ਼ ਦੀ ਬਹੁਤ ਘੱਟ ਜਾਂ ਕੋਈ ਸੰਕੇਤ ਨਹੀਂ ਦੀ ਧਾਰਨਾ ਨੂੰ ਦਰਸਾਉਂਦਾ ਹੈ।

ਹਿੱਸੇਦਾਰਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਖਰੀਦ ਅਧਿਕਾਰੀਆਂ ਦੁਆਰਾ ਇਨ੍ਹਾਂ ਤਬਦੀਲੀਆਂ ਦਾ ਗਿਆਨ ਸਟਾਫ ਨੂੰ ਨੌਕਰੀ ਵਿੱਚ ਬਰਕਰਾਰ ਰੱਖਣ, ਸੀਮਤ ਸਿਖਲਾਈ ਦੇ ਮੌਕਿਆਂ ਅਤੇ ਏਕੀਕਰਣ ਦੇ ਖ਼ਤਰੇ ਨੂੰ ਘਟਾਉਣ ਲਈ ਇਕੱਠੇ ਬੰਨ੍ਹੇ ਹੋਏ ਪ੍ਰੋਜੈਕਟ ਦੇ ਪੱਖ ਵਿੱਚ ਖ਼ਤਰੇ ਤੋਂ ਦੂਰ ਹੋਣ ਕਾਰਨ ਸੀਮਤ ਹੋ ਸਕਦਾ ਹੈ।

ਹਿੱਸੇਦਾਰਾਂ ਨੇ ਵਿਸ਼ੇਸ਼ ਪ੍ਰੋਗਰਾਮਾਂ ਨੂੰ ਪ੍ਰਦਾਨ ਕਰਨ ਦੇ ਸਮਰੱਥ SMEs ਦੀ ਪਛਾਣ ਕਰਨ ਵਿੱਚ ਮੁਸ਼ਕਲਾਂ ਦਾ ਵੀ ਹਵਾਲਾ ਦਿੱਤਾ ਕਿਉਂਕਿ ਪੈਨਲਾਂ ਵਿੱਚ ਕਈ ਤਰ੍ਹਾਂ ਦੀਆਂ ਸਮਰੱਥਾਵਾਂ ਅਤੇ ਸੇਵਾਵਾਂ ਹੋ ਸਕਦੀਆਂ ਹਨ। ਇੱਕੋ ਜਿਹੀਆਂ ਚੀਜ਼ਾਂ ਅਤੇ ਸੇਵਾਵਾਂ ਲਈ ਮੌਜੂਦ ਕਈ ਪੈਨਲਾਂ ਵੱਲ ਰੁਝਾਨ ਇਸ ਚਿੰਤਾ ਨੂੰ ਹੋਰ ਵਧਾ ਦਿੰਦਾ ਹੈ। ਕਿਉਂਕਿ ਪੈਨਲ ਵੱਖ-ਵੱਖ ਉਦੇਸ਼ਾਂ ਦੀ ਪੂਰਤੀ ਲਈ ਮੌਜੂਦ ਹੋ ਸਕਦੇ ਹਨ, ਖਰੀਦ ਅਧਿਕਾਰੀ ਲਈ ਅਜਿਹਾ ਕਾਰੋਬਾਰ ਲੱਭਣਾ ਚੁਣੌਤੀਪੂਰਨ ਹੋ ਸਕਦਾ ਹੈ ਜੋ ਸਰਕਾਰੀ ਏਜੰਸੀ ਦੁਆਰਾ ਲੋੜੀਂਦੀਆਂ ਚੀਜ਼ਾਂ ਜਾਂ ਸੇਵਾ ਦੀ ਅਦਾਇਗੀ ਕਰ ਸਕੇ।

## ਰਾਸ਼ਟਰਮੰਡਲ ਖਰੀਦ ਵਿੱਚ ਵਧੇਰੇ ਛੋਟੇ ਕਾਰੋਬਾਰੀ ਹਿੱਸੇਦਾਰੀ ਨੂੰ ਉਤਸ਼ਾਹਤ ਕਰਨ ਲਈ ਉਪਾਅ



ASBFEO ਪੈਨਲ ਪ੍ਰਣਾਲੀ ਵਿੱਚ ਤਕਨਾਲੋਜੀ ਅਪਗ੍ਰੇਡ ਦੇ ਸੰਚਾਲਨ ਲਈ 2023-24 ਦੇ ਬਜਟ ਵਿੱਚ ਸ਼ਾਮਲ ਪੂੰਜੀ ਨੂੰ ਸਵੀਕਾਰ ਅਤੇ ਇਸ ਦਾ ਸਵਾਗਤ ਕਰਦਾ ਹੈ।

ਬੁਨਿਆਦੀ ਢਾਂਚੇ, ਆਵਾਜਾਈ ਅਤੇ ਸ਼ਹਿਰਾਂ ਬਾਰੇ ਪ੍ਰਤੀਨਿਧੀ ਸਭਾ ਦੀ ਸਥਾਈ ਕਮੇਟੀ ਦੁਆਰਾ ਸਰਕਾਰ ਦੁਆਰਾ ਫੰਡ ਪ੍ਰਾਪਤ ਬੁਨਿਆਦੀ ਢਾਂਚੇ ਲਈ ਖਰੀਦ ਅਭਿਆਸਾਂ ਦੀ ਜਾਂਚ ਨੇ ਖਰੀਦ ਡਿਜ਼ਾਈਨ ਦੇ ਸ਼ੁਰੂਆਤੀ ਪੜਾਵਾਂ ਦੇ ਅੰਦਰ ਉਦਯੋਗ ਦੀ ਸਥਿਰਤਾ ਅਤੇ ਉੱਦਮ-ਵਿਕਾਸ ਦੇ ਮਾਪਦੰਡਾਂ ਨੂੰ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ।[17] ਮੁੱਖ-ਠੇਕੇ ਵਿੱਚ ਇਨ੍ਹਾਂ ਮਾਪਦੰਡਾਂ ਨੂੰ ਲਾਗੂ ਕਰਨ ਨਾਲ ਅੰਤਰਰਾਸ਼ਟਰੀ ਪੱਧਰ-ਇਕ ਦੇ ਠੇਕੇਦਾਰਾਂ ਨੂੰ ਗੈਰ-ਪੱਧਰੀ ਘਰੇਲੂ ਕੰਪਨੀ ਨਾਲ ਭਾਈਵਾਲੀ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ। ਇਹ ਸਮਰੱਥਾ ਨਿਰਮਾਣ ਠੇਕਿਆਂ ਤੱਕ ਛੋਟੇ ਕਾਰੋਬਾਰਾਂ ਦੀ ਪਹੁੰਚ ਨੂੰ ਵਧਾਏਗਾ।

ਰੱਖਿਆ ਵਿਭਾਗ ਦੇ ਮੁੱਖ ਸੇਵਾ ਪ੍ਰਦਾਤਾ (MSP) ਪੈਨਲ ਵਿੱਚ ਚਾਰ ਵੱਡੀਆਂ ਇਕਾਈਆਂ ਸ਼ਾਮਲ ਹਨ। MSP ਪੈਨਲ ਸਮਰੱਥਾ ਪ੍ਰਾਪਤੀ ਅਤੇ ਸਥਿਰਤਾ ਸਮੂਹ (CASG) ਅਤੇ ਨੇਵਲ ਸ਼ਿਪ ਬਿਲਡਿੰਗ ਐਂਡ ਸਸਟੇਨੇਮੈਂਟ ਗਰੁੱਪ (NSSG) ਨੂੰ ਵੱਡੀਆਂ ਬਹੁ-ਅਨੁਸ਼ਾਸਨ ਸੇਵਾਵਾਂ ਦੀ ਸ਼ਮੂਲੀਅਤ ਅਤੇ ਪ੍ਰਬੰਧਨ ਲਈ ਰਣਨੀਤਕ ਤੌਰ 'ਤੇ ਪ੍ਰਬੰਧਿਤ ਪਹੁੰਚ ਪ੍ਰਦਾਨ ਕਰਦਾ ਹੈ। MSPs ਐਂਟਰਪ੍ਰਾਈਜ਼ ਸਪੋਰਟ ਸਰਵਿਸਿਜ਼ ਐਗਰੀਮੈਂਟ (ESSA) ਦੀਆਂ ਸ਼ਰਤਾਂ ਦੇ ਅਧੀਨ MSPs ਨੂੰ ਕਈ ਸੇਵਾਵਾਂ ਪ੍ਰਦਾਨ ਕਰਨ ਲਈ ਠੇਕਾ ਦਿੱਤਾ ਗਿਆ ਹੈ। ESSA ਵਿੱਚ ਦਾਖਲ ਹੋਣ ਲਈ ਸਰਕਾਰ ਅਤੇ MSPs ਦੇ ਉਦੇਸ਼ਾਂ ਵਿੱਚ ਇਹ ਸ਼ਾਮਲ ਹਨ:

- ਸਮਰੱਥਾ ਲਈ ਬੁਨਿਆਦੀ ਹਿੱਸਾ ਪਾਉਣ ਵਜੋਂ ਉਦਯੋਗ ਦੀ ਮਹੱਤਤਾ ਨੂੰ ਮਾਨਤਾ ਦੇਣਾ
- MSP ਸਪਲਾਈ ਚੇਨ ਰਾਹੀਂ 'ਲਕੀਰ ਤੋਂ ਉੱਪਰ' (ਰਾਸ਼ਟਰਮੰਡਲ ਦੀ ਤਰਫੋਂ ਕੰਮ ਕਰਨਾ) ਵਿਸ਼ਾ-ਵਸਤੂ ਦੀ ਮੁਹਾਰਤ ਲਈ ਵਿਵਹਾਰਕ ਅਤੇ ਜੀਵੰਤ ਛੋਟੇ ਕਾਰੋਬਾਰੀ ਖੇਤਰ ਨੂੰ ਬਣਾਈ ਰੱਖਣਾ।[18]
- ਸਰੋਤਾਂ ਅਤੇ ਤਜਰਬੇ ਦਾ ਬਿਹਤਰ ਲਾਭ ਉਠਾਉਣ ਲਈ ਉਦਯੋਗ ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜੁੜਨਾ
- CASG ਅਤੇ ਵਿਆਪਕ ਰੱਖਿਆ ਸਮਰੱਥਾ ਦੇ ਨਤੀਜਿਆਂ ਨੂੰ ਪ੍ਰਦਾਨ ਕਰਨ ਲਈ ਏਕੀਕ੍ਰਿਤ ਤਰੀਕੇ ਨਾਲ ਉਦਯੋਗ ਦੇ ਸਰੋਤਾਂ ਦੀ ਸਭ ਤੋਂ ਕੁਸ਼ਲ ਵਰਤੋਂ ਕਰਨਾ
- ਇਹ ਯਕੀਨੀ ਬਨਾਉਣਾ ਕਿ ਮੌਜੂਦਾ ਅਤੇ ਭਵਿੱਖ ਦੀਆਂ ਰਾਸ਼ਟਰਮੰਡਲ ਕਾਰਜ ਲੋੜਾਂ ਦਾ ਸਮਰਥਨ ਕਰਨ ਲਈ ਰੱਖਿਆ ਅਤੇ ਉਦਯੋਗ ਦੋਵਾਂ ਦੇ ਅੰਦਰ ਵਧੀ ਹੋਈ ਅਤੇ ਟਿਕਾਊ ਸਮਰੱਥਾ ਮੌਜੂਦ ਹੈ
- ਸਹਿਯੋਗੀ ਵਿਵਹਾਰਾਂ, ਰਣਨੀਤਕ, ਸਹਿਯੋਗੀ ਅਤੇ ਰਚਨਾਤਮਕ ਕਾਰਜਸ਼ੀਲ ਸਬੰਧਾਂ ਨੂੰ ਉਤਸ਼ਾਹਤ ਕਰਨਾ
- ਸਰਕਾਰ ਨੂੰ ਪੈਸੇ ਲਈ ਬਿਹਤਰ ਮੁੱਲ ਪ੍ਰਦਾਨ ਕਰਨਾ, ਜਿਸ ਵਿੱਚ ਬਹੁਤ ਮੁਕਾਬਲੇ ਵਾਲੀਆਂ ਕਿਰਤ ਦੀਆਂ ਦਰਾਂ, ਵੱਖ-ਵੱਖ ਕਿਸਮਾਂ ਦੀਆਂ ਸੇਵਾਵਾਂ ਲਈ ਪਹਿਲਾਂ ਤੋਂ ਸਹਿਮਤ ਨਿਯਮ ਅਤੇ ਸ਼ਰਤਾਂ ਅਤੇ ਆਕਾਰ ਦੀ ਆਰਥਿਕਤਾ ਨੂੰ ਅਨੁਕੂਲ ਬਨਾਉਣਾ ਸ਼ਾਮਲ ਹੈ
- ਰਾਸ਼ਟਰਮੰਡਲ ਅਤੇ ਉਦਯੋਗ ਦੋਵਾਂ ਲਈ ਸੰਚਾਲਨ ਲਾਗਤਾਂ ਨੂੰ ਘੱਟ ਤੋਂ ਘੱਟ ਕਰਨਾ (ਟੈਂਡਰ ਭਰਨ ਦੀਆਂ ਲਾਗਤਾਂ ਅਤੇ ਹੋਰ ਲੈਣ-ਦੇਣ ਦੀਆਂ ਲਾਗਤਾਂ ਸਮੇਤ)।[19]

ਹਿੱਸੇਦਾਰਾਂ ਦੇ ਸਲਾਹ-ਮਸ਼ਵਰੇ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਬਹੁਤ ਸਾਰੇ ਮਾਮਲਿਆਂ ਵਿੱਚ, ESSAs ਕੰਮ ਦੀ ਇੱਕ ਸਥਿਰ ਧਾਰਾ ਪ੍ਰਾਪਤ ਕਰਨ ਅਤੇ ਸਪਲਾਈ ਚੇਨ ਵਿੱਚ ਸਮਰੱਥਾ ਵਧਾਉਣ ਲਈ SMEs ਦੀ ਸਹਾਇਤਾ ਕਰਦੇ ਹਨ।

[17] House of Representatives Standing Committee on Infrastructure, Transport and Cities, *Government Procurement: A sovereign security imperative*. March 2022

[18] Team Downer, *About Us*, viewed 18/07/23, https://www.teamdownermsp.com.au/about-us

[19] Strategic Panels, Department of Defence, *Strategic Panels*, viewed 2/06/2023 https://www.defence.gov.au/business-industry/industry-programs/strategic-panels

### ਆਸਟ੍ਰੇਲੀਆ ਦੀਆਂ ਸਰਕਾਰੀ ਏਜੰਸੀਆਂ ਵਾਸਤੇ ਸਵਾਲ

13. ਆਸਟ੍ਰੇਲੀਆ ਦੀ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਵਧੇਰੇ ਛੋਟੇ ਕਾਰੋਬਾਰਾਂ ਨੂੰ ਉਨ੍ਹਾਂ ਦੇ ਖਰੀਦ ਦੇ ਮੌਕਿਆਂ ਤੱਕ ਪਹੁੰਚ ਪ੍ਰਾਪਤ ਕਰਨ ਅਤੇ ਉਨ੍ਹਾਂ ਲਈ ਮੁਕਾਬਲਾ ਕਰਨ ਵਿੱਚ ਮਦਦ ਕਰਨ ਲਈ ਕੀ ਕਰ ਸਕਦੀਆਂ ਹਨ - ਪਹਿਲੀ ਵਾਰ ਜਾਂ ਵਧੇਰੇ ਬਾਕਾਇਦਾ ਤੌਰ ਤੇ?
14. ਖਰੀਦ ਤੋਂ ਇਲਾਵਾ, ਕੀ ਹੋਰ ਨੀਤੀਆਂ ਅਤੇ ਨਿਯਮ ਹਨ ਜੋ ਛੋਟੇ ਕਾਰੋਬਾਰਾਂ ਦੀ ਆਸਟ੍ਰੇਲੀਆ ਦੀ ਸਰਕਾਰ ਦੇ ਠੇਕਿਆਂ ਲਈ ਮੁਕਾਬਲਾ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਰਹੇ ਹਨ?
15. ਰਾਸ਼ਟਰਮੰਡਲ ਖਰੀਦ ਨਿਯਮਾਂ ਵਿੱਚ 1 ਜੁਲਾਈ 2022 ਦੀਆਂ ਤਬਦੀਲੀਆਂ ਨੂੰ ਲਾਗੂ ਕਰਨ ਲਈ ਤੁਸੀਂ ਕਿਹੜੀਆਂ ਤਬਦੀਲੀਆਂ ਕੀਤੀਆਂ ਹਨ?
16. ਏਜੰਸੀ ਜਾਂ ਖਰੀਦ ਅਧਿਕਾਰੀ ਵਜੋਂ, ਕੀ ਕਿਸੇ ਚੀਜ਼ ਜਾਂ ਸੇਵਾ ਨੂੰ ਪ੍ਰਦਾਨ ਕਰਨ ਲਈ SME ਨਾਲ ਸੰਪਰਕ ਕਰਨ ਜਾਂ ਵਰਤਣ ਵਿੱਚ ਰੁਕਾਵਟਾਂ ਹਨ ਜੋ ਨਿਯਮਾਂ ਜਾਂ ਨੀਤੀਆਂ ਨਾਲ ਸਬੰਧਤ ਨਹੀਂ ਹਨ? ਉਦਾਹਰਨ ਲਈ: ਮੁਕਾਬਲੇ ਵਾਲੇ ਛੋਟੇ ਕਾਰੋਬਾਰੀ ਵਿਕਲਪਾਂ ਦੀ ਪਛਾਣ ਕਰਨ ਵਿੱਚ ਮੁਸ਼ਕਲਾਂ; ਪ੍ਰੋਜੈਕਟ ਨੂੰ ਸ਼ੁਰੂ ਕਰਨ ਦੀ ਛੋਟੇ ਕਾਰੋਬਾਰਾਂ ਦੀ ਸਮਰੱਥਾ ਬਾਰੇ ਚਿੰਤਾਵਾਂ; ਜਾਂ ਚਿੰਤਾਵਾਂ ਕਿ ਛੋਟੇ ਕਾਰੋਬਾਰ ਵੱਡੇ ਕਾਰੋਬਾਰਾਂ ਨਾਲੋਂ ਵਧੇਰੇ ਖ਼ਤਰਾ ਪੈਦਾ ਕਰਦੇ ਹਨ।
17. ਕੀ ਖਰੀਦ ਅਧਿਕਾਰੀ ਲਈ ਆਡਿਟ ਅਤੇ ਸਮੀਖਿਆ ਪੜਤਾਲ ਨੂੰ ਸੰਤੁਸ਼ਟ ਕਰਦੇ ਹੋਏ SME ਛੋਟਾਂ ਦੀ ਵਰਤੋਂ ਕਰਨ ਲਈ ਲੋੜੀਂਦੇ ਵਿਵੇਕ ਵਾਲੀ ਲੋੜੀਂਦੀ ਸੇਧ ਉਪਲਬਧ ਹੈ?
18. ਕੀ ਤੁਹਾਡੇ ਕੋਲ ਮਿਸਾਲੀ ਖਰੀਦ ਅਭਿਆਸਾਂ ਅਤੇ ਸਹਾਇਕ ਢਾਂਚਿਆਂ ਦੀਆਂ ਕੋਈ ਉਦਾਹਰਣਾਂ ਹਨ ਜੋ ਛੋਟੇ ਕਾਰੋਬਾਰੀ ਹਿੱਸੇਦਾਰੀ ਨੂੰ ਉਤਸ਼ਾਹਤ ਅਤੇ ਸੁਵਿਧਾਜਨਕ ਬਣਾਉਂਦੀਆਂ ਹਨ? ਜੇ ਅਜਿਹਾ ਹੈ, ਤਾਂ ਕਿਰਪਾ ਕਰਕੇ ਵਰਣਨ ਕਰੋ।
19. ਕੀ ਤੁਹਾਡੇ ਕੋਲ ਖਰੀਦ ਜਾਂ ਉਦਯੋਗ ਦੀ ਸ਼ਮੂਲੀਅਤ ਦੇ ਅਭਿਆਸਾਂ ਦੀਆਂ ਆਸਟ੍ਰੇਲੀਆ ਦੀ ਸਰਕਾਰ ਦੀਆਂ ਕੋਈ ਉਦਾਹਰਣਾਂ ਹਨ ਜਿਨ੍ਹਾਂ ਨੂੰ ਦੁਹਰਾਇਆ ਜਾਣਾ ਚਾਹੀਦਾ ਹੈ ਜਾਂ ਅੱਗੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ? ਜੇ ਅਜਿਹਾ ਹੈ, ਤਾਂ ਕਿਰਪਾ ਕਰਕੇ ਵਰਣਨ ਕਰੋ।
20. ਕਿਹੜੀਆਂ ਮੌਜੂਦਾ ਕਾਰਵਾਈਵਾਂ ਅਸਫਲ ਛੋਟੇ ਕਾਰੋਬਾਰੀ ਟੈਂਡਰ ਭਰਨ ਵਾਲਿਆਂ ਨੂੰ ਭਵਿੱਖ ਦੇ ਆਸਟ੍ਰੇਲੀਆ ਦੀ ਸਰਕਾਰ ਦੇ ਠੇਕਿਆਂ ਨੂੰ ਸੁਰੱਖਿਅਤ ਕਰਨ ਦੀਆਂ ਸੰਭਾਵਨਾਵਾਂ ਵਿੱਚ ਸੁਧਾਰ ਕਰਨ ਲਈ ਉਤਸ਼ਾਹਤ ਅਤੇ ਸਹਾਇਤਾ ਕਰਦੀਆਂ ਹਨ? ਕਿਹੜੀਆਂ ਵਾਧੂ ਕਾਰਵਾਈਆਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ?
21. ਕੀ ਤੁਸੀਂ ਅਸਫ਼ਲ ਛੋਟੇ ਕਾਰੋਬਾਰੀ ਟੈਂਡਰ ਭਰਨ ਵਾਲਿਆਂ ਨਾਲ ਵਾਪਸੀ ਸੁਝਾਅ ਦੇਣ ਵਾਲੇ ਸੈਸ਼ਨਾਂ ਵਿੱਚ ਹਿੱਸਾ ਲਿਆ ਹੈ? ਕੀ ਤੁਸੀਂ ਆਤਮ-ਵਿਸ਼ਵਾਸ ਮਹਿਸੂਸ ਕੀਤਾ? ਕੀ ਕੋਈ ਵਾਧੂ ਜਾਣਕਾਰੀ ਜਾਂ ਸਲਾਹ ਹੈ ਜੋ ਤੁਹਾਡੀ ਮਦਦ ਕਰੇਗੀ?

# 8. ਤੁਲਨਾਤਮਕ ਅਧਿਕਾਰ ਖੇਤਰਾਂ ਵਿੱਚ ਛੋਟੇ ਕਾਰੋਬਾਰਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਨ ਵਾਲੀਆਂ ਖਰੀਦ ਨੀਤੀਆਂ ਅਤੇ ਅਭਿਆਸ

ਸਰਕਾਰੀ ਖਰੀਦ ਸੇਵਾਵਾਂ ਪ੍ਰਦਾਨ ਕਰਨ ਅਤੇ ਸਮੱਸਿਆਵਾਂ ਨੂੰ ਕੁਸ਼ਲਤਾ ਨਾਲ ਹੱਲ ਕਰਨ ਲਈ ਸਥਾਨਕ ਕਾਰੋਬਾਰ ਅਤੇ ਉਦਯੋਗਾਂ ਦੇ ਵਾਧੇ ਅਤੇ ਵਿਕਾਸ ਦਾ ਸਮਰਥਨ ਕਰਨ ਲਈ ਮਹੱਤਵਪੂਰਨ ਜਨਤਕ ਨੀਤੀ ਅਤੇ ਆਰਥਿਕ ਕਾਰਕ ਹੋ ਸਕਦੀ ਹੈ। ਦੁਨੀਆਂ ਭਰ ਦੇ ਅਧਿਕਾਰ ਖੇਤਰ ਵਿਸ਼ੇਸ਼ ਨੀਤੀ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਵੱਖ-ਵੱਖ ਤਰੀਕਿਆਂ ਦੀ ਵਰਤੋਂ ਕਰਦੇ ਹਨ। ਉਦਾਹਰਨ ਲਈ, ਅਮਰੀਕਾ ਦਾ ਰੱਖਿਆ ਵਿਭਾਗ ਖਰੀਦ ਦੇ ਮੌਕਿਆਂ ਵਿੱਚ ਵਿਸ਼ੇਸ਼ ਕਾਰੋਬਾਰਾਂ ਅਤੇ ਸਮੂਹਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਨ ਲਈ ਕਈ ਪਹਿਲਕਦਮੀਆਂ ਚਲਾਉਂਦਾ ਹੈ। ਇਹਨਾਂ ਵਿੱਚ ਸ਼ਾਮਲ ਹਨ:

- ਔਰਤਾਂ ਦੀ ਮਲਕੀਅਤ ਵਾਲੇ ਛੋਟੇ ਕਾਰੋਬਾਰ ਫੈਡਰਲ ਠੇਕੇ ਦੇ ਪ੍ਰੋਗਰਾਮ ਅਤੇ 5% ਔਰਤਾਂ ਦੀ ਮਲਕੀਅਤ ਵਾਲੇ ਛੋਟੇ ਕਾਰੋਬਾਰ ਦੇ ਠੇਕੇ ਦਾ ਟੀਚਾ
- ਸਾਬਕਾ ਫੌਜੀਆਂ ਅਤੇ ਸੇਵਾ-ਅਪਾਹਜ ਸਾਬਕਾ ਫੌਜੀਆਂ ਦੁਆਰਾ ਨਿਯੰਤਰਿਤ ਛੋਟੇ ਕਾਰੋਬਾਰਾਂ ਦੀ ਪਛਾਣ ਕਰਨ ਲਈ ਸੇਵਾ-ਅਪਾਹਜ ਸਾਬਕਾ ਫੌਜੀਆਂ ਦੀ ਮਾਲਕੀ ਵਾਲੇ ਛੋਟੇ ਕਾਰੋਬਾਰ (SDVOSB) ਦੀ ਪਹੁੰਚ ਕੋਸ਼ਿਸ਼। SDVOSB ਦੀ ਕੋਸ਼ਿਸ਼ ਦਾ ਉਦੇਸ਼ ਬਜ਼ੁਰਗ ਅਤੇ ਸੇਵਾ-ਅਪਾਹਜ ਸਾਬਕਾ ਫੌਜੀਆਂ ਦੀ ਮਾਲਕੀ ਵਾਲੇ ਛੋਟੇ ਕਾਰੋਬਾਰਾਂ ਲਈ ਪ੍ਰਮੁੱਖ ਅਤੇ ਉਪ-ਠੇਕੇਦਾਰੀ ਦੇ ਮੌਕਿਆਂ ਵਿੱਚ ਸੁਧਾਰ ਕਰਨਾ ਹੈ
- ਆਰਥਿਕ ਤੌਰ 'ਤੇ ਸੰਕਟ ਗ੍ਰਸਤ ਭਾਈਚਾਰਿਆਂ ਵਿੱਚ ਸਥਿਤ ਛੋਟੇ ਕਾਰੋਬਾਰਾਂ ਨੂੰ ਠੇਕੇਦਾਰੀ ਸਹਾਇਤਾ ਪ੍ਰਦਾਨ ਕਰਕੇ HUBZones ਨੂੰ ਨੌਕਰੀ ਦੇ ਵਾਧੇ, ਪੂੰਜੀ ਨਿਵੇਸ਼ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਇਤਿਹਾਸਕ ਤੌਰ 'ਤੇ ਘੱਟ ਵਰਤੋਂ ਵਾਲੇ ਬਿਜ਼ਨਸ ਜ਼ੋਨਾਂ (HUBZones) ਦੇ ਪ੍ਰੋਗਰਾਮ।[20]

[20] US Department of Defense, *Office of Small Business Programs*, viewed 22 March 2023 https://business.defense.gov/

ਬਰਤਾਨੀਆ ਵਿੱਚ, ਕੇਂਦਰੀ ਵਿਭਾਗਾਂ ਨੇ ਛੋਟੇ ਕਾਰੋਬਾਰਾਂ ਨੂੰ ਦਿੱਤੇ ਗਏ ਖਰੀਦ ਠੇਕਿਆਂ ਨੂੰ ਮਜ਼ਬੂਤ ਕਰਨ ਲਈ SME ਕਾਰਜ ਯੋਜਨਾਵਾਂ ਦੇ ਨਾਲ SME ਚੈਂਪੀਅਨ ਨਿਯੁਕਤ ਕੀਤੇ ਹਨ।[21]

ਸਾਊਥ ਆਸਟ੍ਰੇਲੀਆ ਦੇ ਇੰਡਸਟਰੀ ਐਡਵੋਕੇਟ, ਮਿਸਟਰ ਇਯਾਨ ਨਾਈਟਿੰਗੇਲ ਨੂੰ 2013 ਵਿੱਚ ਨਿਯੁਕਤ ਕੀਤਾ ਗਿਆ ਸੀ। ਇੰਡਸਟਰੀ ਐਡਵੋਕੇਟ ਇਹ ਯਕੀਨੀ ਬਣਾਉਂਦਾ ਹੈ ਕਿ ਸਥਾਨਕ ਕਾਰੋਬਾਰ ਦੱਖਣੀ ਆਸਟ੍ਰੇਲੀਆ ਦੀ ਸਰਕਾਰ ਦੇ ਖਰੀਦ ਦੇ ਮੌਕਿਆਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ ਹਨ, ਜਿਸ ਵਿੱਚ ਇਹ ਯਕੀਨੀ ਬਨਾਉਣਾ ਵੀ ਸ਼ਾਮਲ ਹੈ ਕਿ ਖਰੀਦ ਦੇ ਮੌਕਿਆਂ ਨੂੰ ਛੋਟੇ ਕਾਰੋਬਾਰਾਂ ਲਈ ਢੁਕਵੇਂ ਹਿੱਸਿਆਂ ਵਿੱਚ ਵੰਡਿਆ ਜਾਵੇ।

*ਇੰਡਸਟਰੀ ਐਡਵੋਕੇਟ ਐਕਟ 2017 (ਦੱਖਣੀ ਆਸਟ੍ਰੇਲੀਆ)* ਇੰਡਸਟਰੀ ਐਡਵੋਕੇਟ ਲਈ ਕੰਮਾਂ ਨੂੰ ਨਾਮਜ਼ਦ ਕਰਦਾ ਹੈ, ਜਿਸ ਨੂੰ ਉਦਯੋਗ ਐਡਵੋਕੇਟ ਦੇ ਦਫਤਰ (OIA) ਦੁਆਰਾ ਸਹਿਯੋਗ ਪ੍ਰਾਪਤ ਹੈ, ਜਿਸ ਵਿੱਚ ਸ਼ਾਮਲ ਹਨ:

- ਦੱਖਣੀ ਆਸਟ੍ਰੇਲੀਆ ਦੀ ਉਦਯੋਗ ਹਿੱਸੇਦਾਰੀ ਨੀਤੀ (SAIPP) ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਕਾਰਵਾਈ ਕਰਨਾ ਜਿਸ ਵਿੱਚ, ਬਿਨਾਂ ਕਿਸੇ ਸੀਮਾ ਦੇ, ਸਰਕਾਰੀ ਠੇਕਿਆਂ ਵਿੱਚ ਹਿੱਸਾ ਲੈਣ ਲਈ ਦੱਖਣੀ ਆਸਟ੍ਰੇਲੀਆ ਵਿੱਚ ਅਧਾਰਤ ਕਾਰੋਬਾਰਾਂ ਦੀ ਸਮਰੱਥਾ ਦਾ ਨਿਰਮਾਣ ਕਰਨਾ ਸ਼ਾਮਲ ਹੈ
- SAIPP ਬਾਰੇ ਕਾਰੋਬਾਰ ਅਤੇ ਉਨ੍ਹਾਂ ਦੇ ਉਦਯੋਗ ਦੇ ਨੁਮਾਇੰਦਿਆਂ ਦੁਆਰਾ ਅਤੇ ਉਨ੍ਹਾਂ ਦੀ ਤਰਫੋਂ ਸ਼ਿਕਾਇਤਾਂ ਪ੍ਰਾਪਤ ਕਰਨਾ ਅਤੇ ਜਾਂਚ ਕਰਨਾ
- ਸ਼ਿਕਾਇਤਾਂ ਦਾ ਨਿਪਟਾਰਾ ਕਰਨ, ਰੁਕਾਵਟਾਂ ਨੂੰ ਦੂਰ ਕਰਨ ਜਾਂ ਖਰੀਦ ਅਭਿਆਸਾਂ ਅਤੇ ਕਾਰਵਾਈਆਂ ਵਿੱਚ ਸੁਧਾਰ ਕਰਨ ਲਈ ਖਰੀਦ ਲਈ ਜ਼ਿੰਮੇਵਾਰ ਅਧਿਕਾਰੀਆਂ ਅਤੇ ਜਨਤਕ ਅਥਾਰਟੀਆਂ ਦੇ ਪ੍ਰਮੁੱਖ ਅਧਿਕਾਰੀਆਂ ਨੂੰ ਸਿਫਾਰਸ਼ਾਂ (ਕਿਸੇ ਹੋਰ ਕਾਨੂੰਨ ਅਧੀਨ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ) ਕਰਨਾ
- ਅਣਸੁਲਝੀਆਂ ਸ਼ਿਕਾਇਤਾਂ ਅਤੇ ਮੁੱਦਿਆਂ ਨੂੰ ਵਿਚਾਰ ਲਈ ਮੰਤਰੀ ਕੋਲ ਭੇਜਣਾ
- ਠੇਕੇ ਦੀਆਂ ਸ਼ਰਤਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ SAIPP ਦੀ ਪਾਲਣਾ ਨੂੰ ਯਕੀਨੀ ਬਨਾਉਣ ਲਈ ਉਦਯੋਗ ਦੀ ਹਿੱਸੇਦਾਰੀ ਯੋਜਨਾਵਾਂ ਦੀ ਸਮੀਖਿਆ ਅਤੇ ਗੱਲਬਾਤ ਵਿੱਚ ਸਹਾਇਤਾ ਕਰਨਾ
- ਸਰਕਾਰੀ ਠੇਕਿਆਂ ਵਿੱਚ ਹਿੱਸੇਦਾਰਾਂ ਦੁਆਰਾ SAIPP ਦੀ ਪਾਲਣਾ ਦੀ ਜਾਂਚ ਅਤੇ ਨਿਗਰਾਨੀ ਕਰਨਾ
- SAIPP ਦੀ ਪਾਲਣਾ ਨੂੰ ਉਤਸ਼ਾਹਤ ਕਰਨ ਅਤੇ ਯਕੀਨੀ ਬਨਾਉਣ ਲਈ ਕਾਰਵਾਈ ਕਰਨਾ
- ਸਥਾਨਕ ਸਰਕਾਰ ਦੁਆਰਾ ਉਦਯੋਗ ਦੀ ਹਿੱਸੇਦਾਰੀ ਦੀਆਂ ਨੀਤੀਆਂ ਨੂੰ ਅਪਣਾਉਣ ਨੂੰ ਉਤਸ਼ਾਹਤ ਕਰਨਾ।

ਖਰੀਦ ਦੇ ਵੱਡੇ ਮੌਕਿਆਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੇ ਦੱਖਣੀ ਆਸਟ੍ਰੇਲੀਆ ਦੇ ਛੋਟੇ ਕਾਰੋਬਾਰਾਂ ਦੀ ਸਹਾਇਤਾ ਕਰਨ ਲਈ, ਦੱਖਣੀ ਆਸਟ੍ਰੇਲੀਆ ਦੀ ਖਰੀਦ ਸੇਵਾ ਨੇ ਸਾਰੀਆਂ ਜਨਤਕ ਅਥਾਰਟੀਆਂ ਲਈ ਅਗਾਊਂ ਖਰੀਦ ਯੋਜਨਾ ਪ੍ਰਕਾਸ਼ਤ ਕਰਨ ਲਈ ਵੀ ਸਹਿਮਤੀ ਦਿੱਤੀ ਹੈ, ਜੋ ਸੰਭਾਵਿਤ ਸਪਲਾਇਰਾਂ ਨੂੰ 24 ਮਹੀਨਿਆਂ ਦੀ ਮਿਆਦ ਲਈ ਭਵਿੱਖ ਦੇ ਖਰੀਦ ਮੌਕਿਆਂ ਬਾਰੇ ਸੂਚਿਤ ਕਰਦੀ ਹੈ। ਇਹ ਸਥਾਨਕ ਕਾਰੋਬਾਰਾਂ ਨੂੰ ਸਫਲ ਟੈਂਡਰ ਕਾਰਵਾਈ ਦੀ ਸੰਭਾਵਨਾ ਨੂੰ ਵਧਾਉਣ ਅਤੇ ਨਵੀਆਂ ਅਤੇ ਖੋਜ-ਭਰਪੂਰ ਪਹੁੰਚਾਂ ਨੂੰ ਵਿਕਸਤ ਕਰਨ ਦਾ ਸਮਾਂ ਦੇਵੇਗਾ। ਇਹ ਨਵੀਆਂ ਖੋਜਾਂ ਛੋਟੇ ਕਾਰੋਬਾਰਾਂ ਲਈ ਮਹੱਤਵਪੂਰਨ ਹਨ ਜਿਨ੍ਹਾਂ ਕੋਲ ਆਪਣੇ ਵੱਡੇ ਬਰਾਬਰ ਦੇ ਕਾਰੋਬਾਰਾਂ ਵਾਲੇ ਸਰੋਤਾਂ ਦੀ ਘਾਟ ਹੈ ਅਤੇ ਕਾਰਵਾਈਆਂ ਨੂੰ ਸੁਚਾਰੂ ਬਣਾ ਕੇ ਉਤਪਾਦਕਤਾ ਦੇ ਲਾਭਾਂ ਨੂੰ ਵਧਾ ਸਕਦੇ ਹਨ।

## ਆਸਟ੍ਰੇਲੀਆ ਦੀਆਂ ਸਰਕਾਰੀ ਏਜੰਸੀਆਂ ਵਾਸਤੇ ਸਵਾਲ

21. ਕੀ ਤੁਲਨਾਤਮਕ ਅਧਿਕਾਰ ਖੇਤਰਾਂ (ਆਸਟ੍ਰੇਲੀਆ ਦੇ ਅੰਦਰ ਜਾਂ ਅੰਤਰਰਾਸ਼ਟਰੀ ਪੱਧਰ ' ਤੇ) ਵਿੱਚ ਸਫਲ ਪਹੁੰਚਾਂ ਹਨ ਜੋ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਦੁਹਰਾਈਆਂ ਜਾ ਸਕਦੀਆਂ ਹਨ?
22. ਕੀ ਕੋਈ ਹੋਰ ਚੀਜ਼ ਹੈ ਜੋ ਆਸਟ੍ਰੇਲੀਆ ਦੀ ਸਰਕਾਰ ਦੀ ਖਰੀਦ ਨਾਲ ਜੁੜਨ ਲਈ ਛੋਟੇ ਕਾਰੋਬਾਰਾਂ ਦੇ ਮੌਕਿਆਂ ਨੂੰ ਵਧਾਏਗੀ ਜਾਂ ਉਪਰ ਚੁੱਕੇਗੀ?

ਪੁੱਛਗਿੱਛ ਬਾਰੇ ਵਧੇਰੇ ਜਾਣਕਾਰੀ ਵਾਸਤੇ, ਜਿਸ ਵਿੱਚ ਰਸਤਾ ਲੱਭਣ ਦੀਆਂ ਉਦਾਹਰਨਾਂ ਅਤੇ ਸੰਦਰਭ ਦੀਆਂ ਸ਼ਰਤਾਂ ਸ਼ਾਮਲ ਹਨ, ਕਿਰਪਾ ਕਰਕੇ www.asbfeo.gov.au/procurement ਵੇਖੋ।

[21] United Kingdom Cabinet Office, *Small and Medium Business Hub*, viewed 11 April 2023, https://www.gov.uk/guidance/small-and-medium-business-hub

[22] Office of the Industry Advocate, *2020-21 Annual Report*. Pg. 6.

# ਸਾਰਣੀ ਏ

## ਰਾਸ਼ਟਰਮੰਡਲ ਖਰੀਦ ਨਿਯਮਾਂ (CPRs) ਵਿੱਚ ਤਬਦੀਲੀਆਂ 1 ਜੁਲਾਈ 2022 ਤੋਂ ਲਾਗੂ ਹੋਣਗੀਆਂ

| CPR ਤਬਦੀਲੀ | ਆਮ ਟਿੱਪਣੀਆਂ |
|---|---|
| ਮੁੱਖਬੰਧ | ਨਵੇਂ ਮੁੱਖਬੰਧ ਦਾ ਸਿਹਰਾ ਵਿੱਤ ਮੰਤਰੀ ਦੇ ਸਿਰ ਹੈ। |
| ਪੈਸੇ ਲਈ ਪੂਰਾ ਮੁੱਲ ਪ੍ਰਾਪਤ ਕਰਨਾ (4.5 e) | ਪੈਸੇ ਦੇ ਪੂਰੇ ਮੁੱਲ ਦੇ ਸੰਬੰਧਿਤ ਵਿੱਤੀ ਅਤੇ ਗੈਰ-ਵਿੱਤੀ ਵਿਚਾਰਾਂ ਵਿੱਚ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਨੂੰ ਸ਼ਾਮਲ ਕਰਨ ਲਈ ਸੋਧੀ ਹੋਈ ਸ਼ਬਦਾਵਲੀ। |
| ਪੈਸੇ ਲਈ ਪੂਰਾ ਮੁੱਲ ਪ੍ਰਾਪਤ ਕਰਨਾ (4.5 e. ii) | ਜਲਵਾਯੂ ਪਰਿਵਰਤਨ, ਊਰਜਾ, ਵਾਤਾਵਰਣ ਅਤੇ ਪਾਣੀ ਦੇ ਨਵੇਂ ਵਿਭਾਗ ਨੂੰ ਦਰਸਾਉਣ ਲਈ ਸੋਧੀ ਹੋਈ ਸ਼ਬਦਾਵਲੀ। |
| ਛੋਟੇ ਅਤੇ ਦਰਮਿਆਨੇ ਵਪਾਰ (5.6) | SMEs ਤੋਂ ਮੁੱਲ ਦੇ ਹਿਸਾਬ ਨਾਲ ਖਰੀਦ ਦਾ 20% ਪ੍ਰਾਪਤ ਕਰਨ ਵਾਲੀਆਂ ਗੈਰ-ਕਾਰਪੋਰੇਟ ਰਾਸ਼ਟਰਮੰਡਲ ਇਕਾਈਆਂ ਪ੍ਰਤੀ ਆਸਟ੍ਰੇਲੀਆ ਦੀ ਸਰਕਾਰ ਦੀ ਵਚਨਬੱਧਤਾ ਨੂੰ ਵਧਾਉਣ ਲਈ ਇਸ ਵਿੱਚ ਸੋਧ ਕੀਤੀ ਗਈ। |
| ਸਥਾਈ ਪੇਸ਼ਕਸ਼ਾਂ ਤੋਂ ਖਰੀਦ (9.14) | ਨਵੀਂ ਸ਼ਬਦਾਵਲੀ ਅਧਿਕਾਰੀਆਂ ਨੂੰ ਸਥਾਈ ਪੇਸ਼ਕਸ਼ ਤੋਂ ਕਈ ਸੰਭਾਵਿਤ ਸਪਲਾਇਰਾਂ ਨਾਲ ਸੰਪਰਕ ਕਰਨ ਦੀ ਸਲਾਹ ਦਿੰਦੀ ਹੈ, ਤਾਂ ਜੋ ਮੁਕਾਬਲੇ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ। |
| **ਰਾਸ਼ਟਰਮੰਡਲ ਖਰੀਦ ਨਿਯਮਾਂ (CPRs) ਵਿੱਚ ਪਿਛਲੀਆਂ ਤਬਦੀਲੀਆਂ 1 ਜੁਲਾਈ 2022 ਤੋਂ ਲਾਗੂ ਹੋਣਗੀਆਂ** | |
| ਚਿੱਤਰ 1: ਕਾਨੂੰਨ ਅਤੇ ਨੀਤੀ | ਸਰਕਾਰੀ ਖਰੀਦ (ਨਿਆਂਇਕ ਸਮੀਖਿਆ) ਐਕਟ 2018 ਨੂੰ ਕਾਨੂੰਨ ਸਿਰਲੇਖ ਅਧੀਨ ਸ਼ਾਮਲ ਕਰਨਾ ਅਤੇ ਵਿਧਾਨਕ ਅਤੇ ਨੀਤੀਗਤ ਵਾਤਾਵਰਣ ਦੇ ਅੰਦਰ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਦੇ ਸਿਰਲੇਖ ਦੇ ਅਧੀਨ ਨਵੀਂ ਸ਼ਬਦਾਵਲੀ 'ਮੁਕਤ ਵਪਾਰ ਸਮਝੌਤੇ ਅਤੇ ਹੋਰ ਵਚਨਬੱਧਤਾਵਾਂ' ਨੂੰ ਸ਼ਾਮਲ ਕਰਨਾ। |
| CPRs ਦੀਆਂ ਦੋ ਡਿਵੀਜ਼ਨਾਂ ਦੀ ਪਾਲਣਾ (3.8) | ਇਹ ਸਪਸ਼ਟੀਕਰਨ ਪ੍ਰਦਾਨ ਕਰਨ ਲਈ ਸੋਧੀ ਹੋਈ ਸ਼ਬਦਾਵਲੀ ਕਿ CPRs ਰਾਸ਼ਟਰਮੰਡਲ ਸੇਵਾਮੁਕਤੀ (ਸੁਪਰ) ਕਾਰਪੋਰੇਸ਼ਨ ਦੀਆਂ ਪ੍ਰਬੰਧਕੀ ਸੇਵਾਵਾਂ 'ਤੇ ਲਾਗੂ ਹੁੰਦੇ ਹਨ ਜੋ ਇਸ ਦੁਆਰਾ ਚਲਾਈਆਂ ਜਾਂਦੀਆਂ ਸੇਵਾਮੁਕਤੀ ਸਕੀਮਾਂ ਨਾਲ ਸਬੰਧਤ ਹਨ। |
| ਖਰੀਦ ਨਾਲ ਜੁੜੀਆਂ ਨੀਤੀਆਂ (4.9) | ਸੋਧੀ ਹੋਈ ਸ਼ਬਦਾਵਲੀ ਵਿੱਚ ਕਿਹਾ ਗਿਆ ਹੈ ਕਿ ਗੈਰ-ਕਾਰਪੋਰੇਟ ਰਾਸ਼ਟਰਮੰਡਲ ਇਕਾਈਆਂ ਅਤੇ ਨਿਰਧਾਰਤ ਰਾਸ਼ਟਰਮੰਡਲ ਕਾਰਪੋਰੇਟ ਇਕਾਈਆਂ ਨੂੰ ਖਰੀਦ ਨਾਲ ਜੁੜੀਆਂ ਨੀਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿੱਥੇ ਨੀਤੀ ਦਰਸਾਉਂਦੀ ਹੈ ਕਿ ਇਹ ਖਰੀਦ ਦੀ ਕਾਰਵਾਈ ਅਤੇ ਇਸ ਇਕਾਈ 'ਤੇ ਲਾਗੂ ਹੁੰਦੀ ਹੈ। |
| ਛੋਟੇ ਅਤੇ ਦਰਮਿਆਨੇ ਵਪਾਰ (5.5 d) | ਨਵਿਆਏ ਗਏ ਉਪ-ਪੈਰਾ ਵਿੱਚ ਖਰੀਦ ਅਧਿਕਾਰੀਆਂ ਨੂੰ ਵੱਡੇ ਪ੍ਰੋਜੈਕਟਾਂ ਨੂੰ ਛੋਟੇ ਪੈਕੇਜਾਂ ਵਿੱਚ ਵੰਡਣ 'ਤੇ ਵਿਚਾਰ ਕਰਨ ਦੀ ਲੋੜ ਹੈ ਜੋ ਉਚਿਤ ਹੋਣ 'ਤੇ ਮੁਕਾਬਲੇ ਨੂੰ ਵਧਾਉਂਦੇ ਹਨ। |
| ਛੋਟੇ ਅਤੇ ਦਰਮਿਆਨੇ ਵਪਾਰ (5.8) | ਸਪਲਾਇਰ ਨੂੰ ਸਮੇਂ ਸਿਰ ਭੁਗਤਾਨ ਕਰਨ ਜਾਂ ਵਿਆਜ ਦਾ ਭੁਗਤਾਨ ਕਰਨ ਦੀ ਨੀਤੀ - ਸਰੋਤ ਪ੍ਰਬੰਧਨ ਗਾਈਡ (RMG 417) ਵਿੱਚ 1 ਮਿਲੀਅਨ ਡਾਲਰ ਦੀ ਸੀਮਾ ਨੂੰ ਹਟਾਉਣ ਨੂੰ ਦਰਸਾਉਂਦੀ ਸੋਧੀ ਹੋਈ ਸ਼ਬਦਾਵਲੀ। |
| ਖਰੀਦ ਦੇ ਖ਼ਤਰਾ (8.4) | ਇਹ ਪ੍ਰਦਾਨ ਕਰਨ ਲਈ ਨਵੀਂ ਸ਼ਬਦਾਵਲੀ ਕਿ ਸਪਲਾਇਰਾਂ ਨੂੰ ਉਦੋਂ ਤੱਕ ਬੀਮਾ ਲੈਣ ਦੀ ਜ਼ਰੂਰਤ ਨਹੀਂ ਹੈ ਜਦੋਂ ਤੱਕ ਕੋਈ ਠੇਕਾ ਨਹੀਂ ਦਿੱਤਾ ਜਾਂਦਾ ਅਤੇ ਠੇਕਿਆਂ ਵਿੱਚ ਬੀਮਾ ਪਾਬੰਦੀਆਂ ਨੂੰ ਸੀਮਤ ਕਰਨਾ ਅਤੇ ਠੇਕੇ ਦੀ ਦੇਣਦਾਰੀ ਵਿੱਚ ਅਸਲ ਖ਼ਤਰੇ ਨੂੰ ਬਿਹਤਰ ਢੰਗ ਨਾਲ ਦਰਸਾ ਕੇ ਖ਼ਤਰਾ ਸਾਂਝਾ ਕਰਨ ਦੇ ਸਿਧਾਂਤ ਨੂੰ ਸ਼ਾਮਲ ਕਰਨਾ। |
| ਸਾਰਣੀ ਏ: ਛੋਟ 17 | ਸੋਧੀ ਹੋਈ ਸ਼ਬਦਾਵਲੀ ਰੱਖਿਆ ਵਿਭਾਗ ਨੂੰ 500,000 ਡਾਲਰ ਤੱਕ ਦੀ ਖਰੀਦ ਲਈ ਸਿੱਧੇ ਤੌਰ 'ਤੇ SME ਨੂੰ ਸ਼ਾਮਲ ਕਰਨ ਦੀ ਆਗਿਆ ਦਿੰਦਾ ਹੈ (ਨੋਟ: ਇਸ ਛੋਟ ਨੂੰ ਲਾਗੂ ਕਰਨ ਤੋਂ ਪਹਿਲਾਂ ਸਵਦੇਸ਼ੀ ਖਰੀਦ ਨੀਤੀ ਅਧੀਨ ਲੋੜਾਂ ਨੂੰ ਪਹਿਲਾਂ ਸੰਤੁਸ਼ਟ ਕੀਤਾ ਜਾਣਾ ਚਾਹੀਦਾ ਹੈ)। |

ਸਰੋਤ: ਵਿੱਤ ਵਿਭਾਗ

Canberra
Level 2
15 Moore Street
Canberra ACT

GPO Box 1791
Canberra City ACT 2601

T 1300 650 460
E info@asbfeo.gov.au

Twitter : @ASBFEO

Facebook: @ASBFEO

LinkedIn: Australian Small Business and Family Enterprise Ombudsman

Instagram: @ASBFEO

YouTube : Australian Small Business and Family Enterprise Ombudsman

Copyright Notice

http://creativecommons.org/licences/by/3.0/au/

With the exception of coats of arms, logos, emblems, images, other third-party material or devices protected by a trademark, this content is licensed under the Creative Commons Australia Attribution 3.0 Licence.

We request attribution as © Commonwealth of Australia (Australian Small Business and Family Enterprise Ombudsman) 2023.

All other rights are reserved.

Some graphics in this document were used under a Creative Commons license from the Noun Project (http://thenounproject.com).

Permission may need to be obtained from third parties to re-use their material.

Written enquiries may be sent to:

Director, Communications and Media
Australian Small Business and Family Enterprise Ombudsman
GPO Box 1791
Canberra City, ACT 2601

or email media@asbfeo.gov.au

Australian Government

Australian Small Business and Family Enterprise Ombudsman